# ਕੈਨੇਡਾ ਦਰਪਣ

ਸਤੰਬਰ 30, 1983

**September 30, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

EAST INDIAN COMMUNITY NEWSPAPER | ਹਫ਼ਤੇਵਾਰ | SECOND CLASS MAIL — Reg. No. 5991

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 2 No. 19 Weekending Sep. 30, 1983
PHONE: 324-6111

ਕੀਮਤ 25¢

# ਲੁਧਿਆਣੇ ਦੇ ਐਸ. ਐਸ. ਪੀ. ਭੱਟੀ ਨੂੰ ਕਤਲ ਕਰਨ ਦੀ ਕੋਸ਼ਿਸ਼

## ਜਵਾਬੀ ਗੋਲੀ ਵਿਚ ਇਕ ਵਿਅਕਤੀ ਦੀ ਮੌਤ

ਲੁਧਿਆਣੇ ਵਿਚ ਕੱਲ੍ਹ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਲੁਧਿਆਣਾ ਦੇ ਐਸ. ਐਸ. ਪੀ. ਸ਼੍ਰੀ ਭੱਟੀ ਉਤੇ ਕਿਸੇ ਅਗਿਆਤ ਵਿਅਕਤੀ ਨੇ ਗੋਲੀ ਚਲਾ ਕੇ ਉਨ੍ਹਾਂ ਨੂੰ ਮਾਰਨ ਦਾ ਯਤਨ ਕੀਤਾ। ਖਬਰ ਅਨੁਸਾਰ ਸ਼੍ਰੀ ਭੱਟੀ ਉਸ ਸਮੇਂ ਪੁਲਸ ਟੁਕੜੀਆਂ ਵਲੋਂ ਸਲਾਮੀ ਲੈ ਰਹੇ ਸਨ। ਗੋਲੀ ਚਲਣ ਕਾਰਨ ਹਫੜਾ ਦਫੜੀ ਫੈਲ ਗਈ। ਇਕ ਖਬਰ ਅਨੁਸਾਰ ਪੁਲਸ ਵਲੋਂ ਜਵਾਬੀ ਗੋਲੀ ਚਲਾਈ ਗਈ। ਜਿਸ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਪੱਤਰ ਪਰੇਰਕ ਅਨੁਸਾਰ ਚੰਡੀਗੜ੍ਹ ਤੋਂ ਹੋਰ ਪੁਲੀਸ ਲੁਧਿਆਣੇ ਬੁਲਾ ਲਈ ਗਈ ਹੈ।

ਯਾਦ ਰਹੇ ਕਿ ਪਿਛਲੇ ਮਹੀਨਿਆਂ ਵਿਚ ਕਈ ਧਮਕੀ ਪੱਤਰ ਸ਼੍ਰੀ ਭੱਟੀ ਨੂੰ ਮਿਲਦੇ ਰਹੇ ਹਨ। ਕਈ ਵਾਰ ਇਹ ਖਬਰਾਂ ਵੀ ਆਉਂਦੀਆਂ ਰਹੀਆਂ ਹਨ ਕਿ ਉਹ ਧਮਕੀ ਦੇਣ ਵਾਲਿਆਂ ਦੇ ਚਰਨੀ ਵੀ ਜਾ ਲੱਗੇ ਹਨ। ਨਿਰੰਕਾਰੀ ਕੁਲਵੰਤ ਸਿੰਘ ਭਾਟੀਆ ਦੇ ਕਤਲ ਤੋਂ ਪਿਛੋਂ ਇਹ ਘਟਨਾ ਪੰਜਾਬ ਵਿਚ ਅਹਿਮ ਘਟਨਾ ਵਜੋਂ ਗਿਣੀ ਜਾ ਰਹੀ ਹੈ। ਕੁਝ ਸੂਤਰਾਂ ਅਨੁਸਾਰ ਇਹ ਵੀ ਦਸਿਆ ਗਿਆ ਹੈ ਕਿ ਸ਼੍ਰੀ ਭੱਟੀ ਦੇ ਸਬੰਧ ਵੀ ਨਿਰੰਕਾਰੀ ਫਿਰਕੇ ਨਾਲ ਹਨ।

## ਹੜ੍ਹਾਂ ਨੇ ਭਾਰਤ ਵਿਚ ਤਬਾਹੀ ਲਿਆ ਦਿੱਤੀ

### 223 ਵਿਅਕਤੀ ਹੜ੍ਹਾਂ ਵਿਚ ਰੁੜ ਗਏ

ਨਵੀਂ ਦਿੱਲੀ—ਆਸਾਮ ਅਤੇ ਮਹਾਂਰਾਸ਼ਟਰਾ ਵਿਚ ਹੜ੍ਹਾਂ ਦੀਆਂ ਭਿਆਨਕ ਖਬਰਾਂ ਮਿਲੀਆਂ ਹਨ। ਇਕੱਲੇ ਮਹਾਂਰਾਸ਼ਟਰਾ ਵਿਚ 66 ਮੌਤਾਂ ਡੁੱਬਣ ਕਾਰਨ ਹੋਈਆਂ ਹਨ। ਆਸਾਮ ਦੇ ਕਈਆਂ ਜ਼ਿਲਿਆਂ ਵਿਚ ਪਾਣੀ ਹੀ ਪਾਣੀ ਫਿਰ ਰਿਹਾ ਹੈ। ਹੜ੍ਹਾਂ ਦੇ ਸ਼ਿਕਾਰ ਲੋਕਾਂ ਨੂੰ ਮਦਦ ਲਈ ਹੈਲੀਕੌਪਟਰ ਅਤੇ ਕਿਸ਼ਤੀਆਂ ਰਾਹੀਂ ਮਦਦ ਪਹੁੰਚਾਈ ਜਾ ਰਹੀ ਹੈ। ਫੌਜ ਬੁਲਾ ਲਈ ਗਈ ਹੈ। ਅਤੇ ਹਜ਼ਾਰਾਂ ਲੋਕਾਂ ਨੂੰ ਰਸਦ ਪਹੁੰਚਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਉਤਰੀ ਪੂਰਬੀ ਆਸਾਮ ਬਾਕੀ ਸਾਰੇ ਭਾਰਤ ਨਾਲੋਂ ਹੜ੍ਹਾਂ ਕਾਰਨ ਕੱਟਿਆ ਗਿਆ ਹੈ।

## ਬੈਰੂਤ ਦੂਜਾ ਵੀਅਤਨਾਮ ਬਣਨ ਲੱਗਾ

### ਅਮਰੀਕਾ ਆਪਣਾ ਅਸਲੀ ਰੂਪ ਵਿਖਾਉਣ ਲੱਗਾ

ਬੈਰੂਤ—ਪਿਛਲੇ ਦੋ ਦਿਨ ਤੋਂ ਅਮਰੀਕਨ ਸਮੁੰਦਰੀ ਜਹਾਜ਼ਾਂ ਵਲੋਂ ਬੈਰੂਤ ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ ਗਈ ਹੈ। ਅੱਜ ਬੈਰੂਤ ਵਿਚ ਭਾਰੀ ਹਮਲਿਆਂ ਦੇ ਬਾਵਜੂਦ ਡਰੂਸ ਫੌਜਾਂ ਨੇ ਅਮਰੀਕਨ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ। ਇਹ ਲੜਾਈ ਸੂਕ-ਐਲ-ਗਾਰਬ ਦੇ ਮਿਲਟਰੀ ਨੁਕਤੇ ਤੋਂ ਜ਼ਰੂਰੀ ਪਿੰਡ ਲਈ ਹੋ ਰਹੀ ਹੈ ਜਿਹੜਾ ਕਿ ਬੈਰੂਤ ਤੋਂ ਕੇਵਲ 15 ਕਿਲੋਮੀਟਰ ਦੂਰ ਹੈ। ਅਮਰੀਕਾ ਸਿੱਧੀ ਤਰ੍ਹਾਂ ਕ੍ਰਿਸਚਨ ਫੌਜਾਂ ਦੀ ਮਦਦ ਤੇ ਉਤਰ ਆਇਆ ਹੈ। ਕੁਝ ਸੂਤਰਾਂ ਅਨੁਸਾਰ ਇਹ ਲੜਾਈ ਵੀਅਤਨਾਮੀ ਲੜਾਈ ਦਾ ਹੀ ਦੂਜਾ ਰੂਪ ਹੈ।

## ਸਾਡਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਕੋਈ ਮਤਭੇਦ ਨਹੀਂ ਹੈ —

ਲੌਂਗੋਵਾਲ—

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਪੰਥ ਪ੍ਰਤੀ ਅਤੇ ਅਕਾਲੀ ਮੋਰਚੇ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦੇ ਹੋਏ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਜੇ ਸੰਤ ਭਿੰਡਰਾਂਵਾਲੇ ਚਾਹੁੰਦੇ ਹਨ ਤਾਂ ਮੈਂ ਪ੍ਰਧਾਨਗੀ ਪਦ ਨੂੰ ਤਿਆਗ ਦੇਵਾਂਗਾ। ਉਹ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਇਕ ਸਮਾਗਮ ਵਿਚ ਬੋਲ ਰਹੇ ਸਨ। ਉਹਨਾਂ ਕਿਹਾ ਕਿ ਮੇਰੇ ਦਿਲ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸਤਿਕਾਰ ਹੈਅਤੇ ਅਕਾਲੀ ਮੋਰਚੇ ਲਈ ਜੋ ਉਹਨਾਂ ਦੀਆਂ ਘਾਲਣਾ ਹਨ ਮੈਂ ਉਨਾਂ ਦੀ ਕਦਰ ਕਰਦਾ ਹਾਂ। ਉਨਾ ਕਿਹਾ ਕਿ ਮੇਰਾ ਸੰਤ ਭਿੰਡਰਾਂਵਾਲੇ ਨਾਲ ਕੋਈ ਮਤਭੇਦ ਨਹੀਂ ਹੈ।

## ਮੰਗਾਂ ਨਾ ਮੰਨੀਆਂ ਤਾਂ ਲੋਕ ਖਾਲਿਸਤਾਨ ਦੀ ਮੰਗ ਕਰ ਸਕਦੇ ਹਨ -- ਭਿੰਡਰਾਂਵਾਲਾ

ਭਿੱਖੀਵਿੰਡ—ਜੇਕਰ ਅਕਾਲੀ ਮੋਰਚਾ ਹੋਰ ਲੰਮਾ ਹੋ ਗਿਆ ਤਾਂ ਸੰਤ ਜਰਨੈਲ ਸਿਘ ਭਿੰਡਰਾਂਵਾਲੇ ਸੰਤ ਹਰਚੰਦ ਸਿਘ ਲੌਂਗੋਵਾਲ ਦੀ ਜ਼ਗਾਹ ਲੈ ਲੈਣਗੇ।

ਇਹ ਪ੍ਰਗਟਾਵਾ ਕਰਦਿਆਂ ਬੀ. ਬੀ. ਸੀ. ਲੰਡਨ ਨੇ ਕਿਹਾ ਕਿ ਮੋਰਚਾ ਸੰਤ ਲੌਂਗੋਵਾਲ ਦੇ ਹਥੋਂ ਨਿਕਲਦਾ ਜਾ ਰਿਹਾ ਹੈ ਤੇ ਪਿੰਡਾਂ ਵਿਚ ਸੰਤ ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਗਿਣਤੀ ਵਧੇਰੇ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਜਦ "ਖਾਲਿਸਤਾਨ" ਬਾਰੇ ਪੁਛਿਆ ਗਿਆ ਤਾਂ ਉਹਨਾਂ ਕਿਹਾ ਕਿ ਅਸੀਂ "ਖਾਲਿਸਤਾਨ" ਦੀ ਹਮਾਇਤ ਨਹੀਂ ਕਰਦੇ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਫਿਰ ਸਾਡਾ ਕੰਟਰੋਲ ਨਹੀਂ ਰਹੇਗਾ ਤੇ ਲੋਕ ਖਾਲਿਸਤਾਨ ਦੀ ਮੰਗ ਕਰ ਸਕਦੇ ਹਨ

## 6 ਮਹੀਨਿਆਂ 'ਚ ਪੁਲਸ ਮੁਕਾਬਲੇ ਵਿਚ 23 ਮੌਤਾਂ

### 82-83 'ਚ ਸਰਕਾਰੀ ਬਸਾਂ ਨੂੰ 8 ਸੌ ਹਾਦਸੇ

ਚੰਡੀਗੜ੍ਹ—ਇਸ ਸਾਲ ਅਪਰੈਲ ਤੇ ਅਗਸਤ ਵਿਚਕਾਰ ਹੋਏ ਕਤਲਾਂ ਵਿਚ ਜ਼ਿਲਾ ਅੰਮ੍ਰਿਤਸਰ ਸਭ ਤੋਂ ਟੀਸੀ ਉਤੇ ਹੈ। ਅਪਰੈਲ ਤੋਂ 23 ਅਗਸਤ ਤੱਕ ਕਤਲ ਦੇ 63 ਕੇਸ ਦਰਜ ਕੀਤੇ ਗਏ ਫਿਰੋਜ਼ਪੁਰ ਜ਼ਿਲਾ 29 ਕੇਸਾਂ ਨਾਲ ਦੂਸਰੇ ਨੰਬਰ ਉਤੇ ਸੀ। ਸੰਗਰੂਰ ਜ਼ਿਲੇ ਵਿਚ 27 ਕਤਲ ਕੇਸ ਦਰਜ ਹੋਏ।

ਪੁਲਸ ਮੁਕਾਬਲਿਆਂ ਵਿਚ 23 ਬੰਦੇ ਮਰੇ ਇਹਨਾਂ ਵਿਚ 7 ਵਿਅਕਤੀ ਜ਼ਿਲਾ ਲੁਧਿਆਣਾ ਵਿਚ ਤਿੰਨ ਹੁਸ਼ਿਆਰਪੁਰ ਜ਼ਿਲੇ ਵਿਚ ਦੋ ਪਟਿਆਲੇ ਜ਼ਿਲੇ ਵਿਚ ਤੇ ਦੋ ਗੁਮਨਾਮ ਪਾਕਿਸਤਾਨੀ ਫਿਰੋਜ਼ਪੁਰ ਜ਼ਿਲੇ ਵਿਚ ਮਰੇ।

ਵਿਧਾਨ ਸਭਾ ਵਿਚ ਹੀ ਦਸਿਆ ਗਿਆ ਕਿ ਪੰਜਾਬ ਰੋਡਵੇਜ਼ ਤੇ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬਸਾਂ ਨੂੰ 1982-83 ਵਿਚ 800 ਹਾਦਸੇ ਪੇਸ਼ ਆਏ ਤੇ ਇਹਨਾਂ ਘਟਨਾਵਾਂ ਵਿਚ 236 ਵਿਅਕਤੀ ਮਰੇ। ਇਹਨਾਂ ਹਾਦਸਿਆਂ ਦੇ ਕਾਰਨਾਂ ਵਿਚ ਡਰਾਈਵਰਾਂ ਦੀ ਅਣਗਹਿਲੀ, ਮਕੈਨੀਕੀ ਨੁਕਸ, ਮੌਸਮ ਦੀ ਖਰਾਬੀ, ਸੜਕ ਸੰਕੇਤਾਂ ਦੀ ਅਣਹੋਂਦ ਤੇ ਤਿੱਖੇ ਮੋੜ ਸ਼ਾਮਲ ਸਨ।

ਅੰਦਰ ਪੜ੍ਹੋ :—

* ਬੀ. ਸੀ. ਦਾ ਲੋਕ ਵਿਰੋਧੀ ਬੱਜਟ
* ਸ਼ੇਰ ਜੰਗ ਜਾਂਗਲੀ ਦਾ ਵਿਅੰਗ
* ਧਾਰਮਿਕ ਪੰਨਾ
* ਫਿਲਮੀ ਪੰਨਾ — ਸੰਦੀਪ ਪਾਟਿਲ ਨਾਲ ਮੁਲਾਕਾਤ

Bombay Sweet Manufacturer Inc.

ਬੰਬੇ ਸਵੀਟ ਮਠਿਆਈ ਵਿਚ ਵਧੀਆ ਹੀ ਨਹੀਂ, ਸਗੋਂ ਸਭ ਤੋਂ ਵੱਡਾ ਵੀ ਹੈ

HEAD OFFICE
4405 Main St. (at 28th Ave)
Vancouver, B.C. V5V 3R2
Ph. (604) 874-5722

ਬੰਬੇ ਸਵੀਟ ਮੈਨੂਫੈਕਚਰਰ ਇ:

BRANCH
6545 Main St.(at 49th Ave)
Vancouver, B.C. V5X 3H1
Ph.(604) 321-1414

# EXTRA ! EXTRA! EXTRA !

# WE'RE No. 2 ONLY! Because "YOU" are No.1.

**0% INTEREST 6 MONTHS**



## 27 PIECE CAREFREE DINING GROUP CONSISTS OF:

- Designer walnut finish extension table 36"x48"x60" with 2" round sparkling chrome legs.
- 4 comfort chairs in a fabric and vinyl combination with sturdy chrome frames, padded seats and backs.
- Designer walnut finish cabinet with drawers and display area.
- Matching hutch top with sliding glass doors and display area.
- 20 piece dinnerware set.

ALL 27 PIECES **$699.00**

## ATLANTIC! 4 PIECE



Sofa, Loveseat, Chair & Ottomon

- Lifetime guarantee (Not shown)
- Gorgeous • Traditional
- Choice of Fabrics

ALL 4 PIECES! **$988.00**



## COUNTRY LIVING!

Country living at its finest! Gorgeous solid wood frame, 100% nylon cushions. • Sofa • Rocker • Chair • Cocktail Ottoman • Two End Tables

ALL 6 PIECES BELIEVE IT! ALL 6 PCES! **$949.00**

## SIZZLERS!

FULL SIZE SOFA BED $299.00

HEAVY DUTY BUNK BED (complete) $399.00

DANISH HIBACK SOFA & CHAIR 100% nylon $399.00

INTRODUCING FAMOUS RESTONIC "HEALTH ANNIVERSARY"

## BEDDING!

DOUBLE BOX SPRING AND MATTRESS $248.00

QUEEN BOX SPRING AND MATTTRESS $288.00



Modern button tufted swivel bucket chairs in a durable Naugahyde cover compliments a dark oak butcher-block table, coasting 2 leaves and extending to 72".

7 PIECES! **$599.00**

"SURREY'S LARGEST FURNITURE STORE .. WE NEVER MEET PRICES - WE BEAT PRICES"



TRIPLE DRESSER, MIRROR, CHEST & HEADBOARD

FURNITURE BY B.P. John

Transitional in styling. 'Windsor" adapts to any decorating plan. Pine solids and oak engraved wood product. All drawers are centre-guided and dovetailed. Custom designed brass hardware.

**$688.00** ALL 4 PIECES!

## CUSTOM OAK!



Smart Looking "California Style" **Sofa-Loveseat** with solid Oak trim and lifetime warranty

**Choice of Fabrics**

BOTH PIECES! **$849.00**



## ARLINGTON SQUARE

A master dining room group with an impeccable combination of country and early American design. The entire group is in Granville Pecan finish. The Trestle table base echoes the graceful carvings in the buffet doors, and is positioned to allow ample legroom and comfort at each end of the table. The combination of which makes it an uncommon value.

**$1694.00** ALL 9 PIECES!

"OFTEN COPIED — NEVER EQUALLED"

# "Wild" Bill's furniturePlace

13251 - 72nd Avenue, Surrey, B.C. 590-1541

5 Blocks West of King George Hwy.

IS THE PLACE




MasterCard VISA

HOURS: Mon. - Fri. 10 a.m. - 9 p.m.; Saturday 9 a.m. - 6 p.m.; Sunday 11:30 a.m. - 5:30 p.m.

## ਬੀ. ਸੀ. ਦਾ ਲੋਕ ਵਿਰੋਧੀ ਬੱਜਟ

(ਸਫਾ 4 ਦੀ ਬਾਕੀ)

ਮਜ਼ਦੂਰਾਂ ਨੂੰ ਘਟੋ ਘੱਟ ਤਨਖਾਹ ਦੇਵੇ। ਉਦਾਹਰਣ ਲਈ :— ਲੱਕੜ ਦੀਆਂ ਮਿਲਾਂ 'ਚ ਕੰਮ ਕਰਨ ਵਾਲੇ ਕਾਮਿਆਂ ਦੀ ਯੂਨੀਅਨ (ਆਈ. ਡਬਲਯੂ. ਏ.) ਦਾ ਕੰਨਟਰੈਕਟ 14 ਜੂਨ ਤੋਂ ਐਕਸਪਾਇਰ ਹੋ ਚੁੱਕਾ ਹੈ। ਹੁਣ ਸਰਕਾਰ ਮਿਲ ਮਾਲਕਾਂ ਨੂੰ ਇਹ ਹੁਕਮ ਕਰ ਸਕਦੀ ਹੈ ਕਿ ਉਹ ਮਜ਼ਦੂਰਾਂ ਨੂੰ ਪਿਛਲੇ ਸਮਝੌਤੇ ਮੁਤਾਬਿਕ ਨਹੀਂ ਸਗੋਂ 'ਮਿਨੀਮਮ ਲੇਬਰ ਸਟੈਂਡਰਡਜ਼' ਮੁਤਾਬਿਕ 3.65 ਪ੍ਰਤੀ ਘੰਟਾ ਦੇ ਹਿਸਾਬ ਪੈਸੇ ਦੇਵੇ। ਇਹ ਹਿਸਾ ਮਜ਼ਦੂਰਾਂ ਦੀ ਆਪਣੇ ਹੱਕਾਂ ਲਈ ਲੜਨ ਦੀ ਤਾਕਤ ਨੂੰ ਬਹੁਤ ਕਮਜ਼ੋਰ ਕਰ ਦਿੰਦੀ ਹੈ। ਕਿਉਂਕਿ ਅਜਿਹੀ ਹਾਲਤ ਵਿਚ ਮਜ਼ਦੂਰਾਂ ਕੋਲ ਦੋ ਹੀ ਹਲ ਰਹਿ ਜਾਣਗੇ1,ਜਾਂ ਤਾਂ ਉਹ ਜਿਨਾਂ ਚਿਰ ਨਵਾਂ ਸਮਝੌਤਾ ਨਹੀਂ ਹੁੰਦਾ ਉਨਾਂ ਚਿਰ ਘਟੋ ਘਟ ਤਨਖਾਹ ਤੇ ਕੰਮ ਕਰੇ ਜਾਂ (2) ਜੋ ਕੁਝ ਮਾਲਕ ਦਿੰਦੇ ਹਨ ਉਸਨੂੰ ਸਵੀਕਾਰ ਕਰੇ।

ਇਸ ਹੀ ਬਿੱਲ ਦੇ ਸੈਕਸ਼ਨ 19 ਮੁਤਾਬਿਕ ਹੁਣ ਜੇ ਕੋਈ ਕੰਪਨੀ ਬੈਂਕਰਪਟ ਹੋ ਜਾਂਦੀ ਹੈ ਜਾਂ ਰੀਸੀਵਰਸ਼ਿਪ ਤੇ ਚਲੀ ਜਾਂਦੀ ਹੈ ਤਾਂ ਉਸਦੇ ਡਾਇਰੈਕਟਰਜ਼ ਅਤੇ ਆਫੀਸਰਜ਼ ਉਸ ਕੰਪਨੀ 'ਚ ਕੰਮ ਕਰ ਰਹੇ ਕਾਮਿਆਂ ਨੂੰ ਸੈਵੀਰੈਂਸ(Severacne) ਪੇ ਦੇਣ ਲਈ ਜ਼ਿੰਮੇਵਾਰ ਨਹੀਂ ਹੋਣਗੇ। ਇਸ ਤਰ੍ਹਾਂ ਕਿਸੇ ਕੰਪਨੀ 'ਚ ਲੰਮਾ ਸਮਾਂ ਕੰਮ ਕਰਨ ਤੇ ਅੱਗੇ ਜੋ ਥੋੜਾ ਬਹੁਤਾ ਪੈਸਾ ਮਜ਼ਦੂਰਾਂ ਨੂੰ ਮਿਲਦਾ ਸੀ ਉਸਦਾ ਹੱਕ ਵੀ ਉਨ੍ਹਾਂ ਤੋਂ ਖੋਹ ਲਿਆ ਜਾਵੇਗਾ।

ਇਸ ਹੀ ਬਿੱਲ ਦਾ ਇਕ ਹੋਰ ਹਿਸਾ ਜਿਸਦਾ ਫਾਰਮਾਂ 'ਚ ਕੰਮ ਕਰਨ ਵਾਲੇ ਆਪਣੇ ਲੋਕਾਂ ਉਪਰ ਸਿੱਧਾ ਅਸਰ ਪਵੇਗਾ। ਉਹ ਹੈ ਸੈਕਸ਼ਨ 80(2)। ਜਿਵੇਂ ਆਪਾਂ ਨੂੰ ਪਤਾ ਹੀ ਹੈ ਕਿ ਫਾਰਮਾਂ 'ਚ ਕੰਮ ਕਰਨ ਵਾਲੇ ਆਮ ਤੌਰ ਤੇ ਸੀਜ਼ਨ ਦੇ ਅੰਤ ਤੇ ਹੀ ਇਕੱਠੇ ਪੈਸੇ ਲੈਂਦੇ ਹਨ। ਹੁਣ ਜੇ ਮਾਲਕ ਜਾਂ ਠੇਕੇਦਾਰ ਅਖੀਰ ਤੇ ਪੈਸੇ ਦੇਣੋਂ ਮੁਕਰ ਜਾਵੇ ਤਾਂ ਉਹਨਾਂ ਤੋਂ ਪੈਸੇ ਲੈਣੇ ਨਾ ਬਰਾਬਰ ਹੀ ਹੈ। ਇਸ ਹਿੱਸੇ ਮੁਤਾਬਿਕ ਤੁਹਾਨੂੰ ਪੈਸੇ ਸਿਰਫ 6 ਮਹੀਨਿਆਂ ਦੇ ਹੀ ਮਿਲਣਗੇ ਭਾਵੇਂ ਤੁਹਾਡੇ ਉਸ ਵੱਲ ਪੈਸੇ ਇਸ ਤੋਂ ਜ਼ਿਆਦਾ ਹੀ ਨਿਕਲਦੇ ਹੋਣ। ਇਸ ਲਈ ਵੀ ਤੁਹਾਨੂੰ ਸੁਪਰੀਮ ਕੋਰਟ ਤੱਕ ਜਾਣਾਪਵੇਗਾ। ਪਹਿਲਾਂ ਅਜਿਹੀ ਹਾਲਤ ਵਿਚ ਆਪਾਂ ਲੇਬਰ ਰੀਲੇਸ਼ਨਜ਼ ਕੋਰਟ ਕੋਲ ਜਾਂਦੇ ਸੀ। ਆਮ ਤੌਰ ਤੇ ਉਸਦਾ ਫੈਸਲਾ ਆਖਰੀ ਹੁੰਦਾ ਸੀ ਸਿਵਾਏ ਕੁਝ ਇਕ ਕੰਮਾਂ ਦੇ ਜਿਨਾਂ ਵਿਚ ਕੋਈ ਲੀਗਲ ਜਾਂ ਟੈਕਨੀਕਲ ਗਲਤੀ ਹੋਵੇ। ਪਰ ਹੁਣ ਨਵੀਂ **ਲੇਬਰ ਕੋਡ ਅਮੈਂਡਮੈਂਟ ਐਕਟ** 1983 (ਜਿਸ ਬਾਰੇ ਗੱਲ ਅੱਗੇ ਜਾ ਕੇ ਕਰਾਂਗੇ) ਮੁਤਾਬਿਕ ਲੇਬਰ ਰੀਲੇਸ਼ਨਜ਼ ਬੋਰਡ ਦੇ ਫੈਸਲੇ ਨੂੰ ਕੋਰਟ ਵਿਚ ਚੈਲੰਜ ਕੀਤਾ ਜਾ ਸਕਦਾ ਹੈ।ਅਦਾਲਤਾਂ ਵਿਚ ਜਾ ਕੇ ਮਾਲਕਾਂ ਨੂੰ ਹੀ ਫਾਇਦਾ ਹੋਵੇਗਾ ਕਿਉਂਕਿ ਉਨ੍ਹਾਂ ਕੋਲ ਆਮ ਆਦਮੀ ਦੇ ਮੁਕਾਬਲੇ ਵਧੀਆ ਵ ਕੀਲ ਕਰਨ ਦੀ ਸਮਰਥਾ ਹੁੰਦੀ ਹੈ। ਉੱਝ ਵੀ ਕਈਆਂ ਹਾਲਤਾਂ ਵਿਚ ਜਿੰਨੇ ਪੈਸੇ ਤੁਹਾਡੇ ਮਾਲਕ ਵੱਲ ਨਿਕਲਦੇ ਹਨ ਉਸ ਨਾਲੋਂ ਜ਼ਿਆਦਾ ਵਕੀਲ ਉਪਰ ਲੱਗ ਜਾਇਆ ਕਰਨਗੇ। ਜੇ ਕਿਸੇ ਕੰਮ ਵਿਚ ਅਦਾਲਤ ਇਹ ਫੈਸਲਾ ਦੇ ਦਿੰਦੀ ਹੈ ਮਜ਼ਦੂਰ ਨੂੰ ਉਸਦੇ ਛੇਆਂ ਮਹੀਨਿਆਂ ਦੇ ਪੈਸੇ ਮਿਲਣੇ ਚਾਹੀਦੇ ਹਨ ਤਾਂ ਵੀ ਇਹ ਜ਼ਰੂਰੀ ਨਹੀਂ ਕਿ ਉਸਨੂੰ ਉਸਦੇ ਪੈਸੇ ਮਿਲ ਜਾਣ। ਕਿਉਂਕਿ ਇਸ ਤੋਂ ਬਾਅਦ ਆਈ. ਆਰ. ਓ. (ਇੰਡਸਟਰੀਅਲ ਰੀਲੇਸ਼ਨ ਆਫੀਸਰ) ਦ ੀ ਵਾਰੀ ਆਵੇਗੀ। ਜੇ ਉਹ ਮਾਲਕ ਦੀ ਹਾਲਤ ਵੇਖ ਇਹ ਫੈਸਲਾ ਦੇ ਦੇਵੇ ਕਿ ਮਜ਼ਦੂਰ ਦੇ ਰਹਿੰਦੇ ਪੈਸੇ ਦੇਣ ਨਾਲ ਮਾਲਕ ਨੂੰ ਨੁਕਸਾਨ ਹੋ ਸਕਦਾ ਹੈ ਜਾਂ ਉਹ ਬੈਂਕਰਪਟ ਹੋ ਸਕਦਾ ਹੈ, ਇਸ ਲਈ ਮਾਲਕ ਨੂੰ ਇਹ ਪੈਸੇ ਦੇਣ ਤੋਂ ਛੋਟ ਚਾਹੀਦੀ ਹੈ, ਤਾਂ ਤੁਹਾਨੂੰ ਕੁਝ ਨਹੀਂ ਮਿਲੇਗਾ। ਆਈ. ਆਰ. ਓ. ਦੇ ਫੈਸਲੇ ਨੂੰ ਸਿਰਫ ਸੁਪਰੀਮ ਕੋਰਟ ਵਿਚ ਹੀ ਚੈਲੰਜ ਕੀਤਾ ਜਾ ਸਕਦਾ ਹੈ। ਮਜ਼ਦੂਰ ਵਿਰੋਧੀ ਜਾਂ ਨਸਲਵਾਦੀ ਆਈ. ਆਰ. ਓ. ਨਾਲ ਵਾਹ ਪੈਣਾ ਆਪਣੇ ਲੋਕਾਂ ਲਈ ਕੋਈ ਔਖਾ ਨਹੀਂ।

**ਲੇਬਰ ਕੋਡ ਅਮੈਂਡਮੈਂਟ ਐਕਟ (1983) :—** ਇਸ ਐਕਟ ਵਿਚ ਮੌਜੂਦਾ ਲੇਬਰ ਕੋਡ ਵਿਚ ਤਬਦੀਲੀਆਂ ਲਿਆਉਣ ਲਈ ਤਰਮੀਮਾਂ ਪੇਸ਼ ਕੀਤੀਆਂ ਗਈਆਂ ਹਨ। ਇਹ ਸਾਰੀਆਂ ਦੀਆਂ ਸਾਰੀਆਂ ਤਰਮੀਮਾਂ ਮਜ਼ਦੂਰ ਵਿਰੋਧੀ ਅਤੇ ਮਾਲਕ ਪੱਖੀ ਹਨ। ਲੇਬਰ ਰੀਲੇਸ਼ਨ ਬੋਰਡ ਦੀ ਬਣਤਰ ਵਿਚ ਤਬਦੀਲੀ ਲਿਆਂਦੀ ਗਈ ਹੈ ਤਾਂ ਕਿ ਇਸਦਾ ਮਾਲਕਾਂ ਨੂੰ ਫਾਇਦਾ ਹੋ ਸਕੇ। ਪਹਿਲਾਂ ਬੋਰਡ ਦੇ ਪੈਨਲ ਵਿਚ ਮਾਲਕਾਂ ਅਤੇ ਮਜ਼ਦੂਰਾਂ ਦੇ ਨੁੰਮਾਇੰਦਿਆਂ ਦੀ ਗਿਣਤੀ ਇਕੋ ਜਿਹੀ ਹੁੰਦੀ ਸੀ ਪਰ ਹੁਣ ਇਹ ਜ਼ਰੂਰੀ ਨਹੀਂ। ਪਹਿਲਾਂ ਲੇਬਰ ਰੀਲੇਸ਼ਨ ਬੋਰਡ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਨਿਯੁਕਤੀ 5 ਸਾਲ ਲਈ ਹੁੰਦੀ ਸੀ। ਇਨਾਂ ਪੰਜਾਂ ਸਾਲਾਂ ਵਿਚ ਉਨ੍ਹਾਂ ਨੂੰ ਹਟਾਇਆ ਨਹੀਂ ਜਾ ਸਕਦਾ। ਹੁਣ ਇਨਾਂ ਨੂੰ ਕਿਸੇ ਵੀ ਸਮੇਂ ਹਟਾਇਆ ਜਾ ਸਕਦਾ ਹੈ। ਇਸ ਲਈ ਉਹ ਆਪਣਾ ਫੈਸਲਾ ਦੇਣ ਲਈ ਆਜ਼ਾਦ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਨੂੰ ਡਰ ਹੋਵੇਗਾ ਕਿ ਜੇ ਉਹਨਾਂ ਦਾ ਫੈਸਲਾ ਸਰਕਾਰ ਨੂੰ ਚੰਗਾ ਨਾ ਲੱਗਾ ਤਾਂ ਉਨਾਂ ਦੀ ਨੌਕਰੀ ਤੋਂ ਛੁੱਟੀ ਹੋ ਸਕਦੀ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਪਹਿਲਾਂ ਬੋਰਡ ਦੇ ਫੈਸਲੇ ਨੂੰ ਬਹੁਤ ਘੱਟ ਕੇਸਾਂ ਵਿਚ ਅਦਾਲਤ ਵਿਚ ਚੈਲੰਜ ਕੀਤਾ ਜਾ ਸਕਦਾ ਸੀ। ਪਰ ਹੁਣ ਬੋਰਡ ਦੇ ਹਰ ਫੈਸਲੇ ਨੂੰ ਅਦਾਲਤ ਵਿਚ ਚੈਲੰਜ ਕੀਤਾ ਜਾ ਸਕੇਗਾ। ਇਸ ਤਰ੍ਹਾਂ ਹੁਣ ਜੇ ਕੋਈ ਜਾਗਦੀ ਜ਼ਮੀਰ ਵਾਲਾ ਬੋਰਡ ਦਾ ਚੇਅਰ ਮੈਨ ਆਪਣੀ ਨੌਕਰੀ ਖੁਸਣ ਦੇ ਡਰ ਦੀ ਪਰਵਾਹ ਕੀਤੇ ਬਿਨਾਂ ਮਜ਼ਦੂਰਾਂ ਦੇ ਹੱਕ ਵਿਚ ਫੈਸਲਾ ਦੇ ਵੀ ਦੇਵੇ ਤਾਂ ਉਸਨੂੰ ਮਾਲਕ ਕੋਰਟ ਵਿਚ ਲੈ ਜਾਣਗੇ। ਅਤੇ ਕੋਰਟ ਵਿਚ ਜਾ ਕੇ ਫਾਇਦਾ ਮਾਲਕਾਂ ਨੂੰ ਹੀ ਹੋਵੇਗਾ ਕਿਉਂਕਿ ਉਨਾਂ ਕੋਲ ਵਧੀਆ ਵਕੀਲ ਕਰਨ ਲਈ ਜ਼ਿਆਦੇ ਪੈਸੇ ਹੁੰਦੇ ਹਨ।

ਇਸ ਐਕਟ ਦੇ ਇਕ ਹੋਰ ਹਿੱਸੇ ਮੁਤਾਬਿਕ ਕਿਸੇ ਵੀ ਯੂਨਿਟ ਵਿਚ ਯੂਨੀਅਨ ਬਣਾਉਣਾ ਔਖਾ ਕਰ ਦਿੱਤਾ ਗਿਆ ਹੈ ਅਤੇ ਯੂਨੀਅਨ ਤੋੜਨਾ ਸੌਖਾ। ਉਦਾਹਰਣ ਲਈ :— ਪਹਿਲਾਂ ਕਿਸੇ ਯੂਨਿਟ ਵਿਚ ਯੂਨੀਅਨ ਦੀ ਸਰਟੀਫਿਕੇਸ਼ਨ ਲਈ ਅਪਲਾਈ ਕਰਨ ਲਈ ਕੰਮ ਕਰ ਰਹੇ ਲੋਕਾਂ ਵਿਚੋਂ 45% ਦੇ ਦਸਤਖਤਾਂ ਦੀ ਲੋੜ ਹੁੰਦੀ ਸੀ। ਫਿਰ ਲੇਬਰ ਰੀਲੇਸ਼ਨ ਬੋਰਡ ਉਸ ਯੂਨਿਟ ਵਿਚ ਇਸ ਲਈ ਵੋਟਾਂ ਪਵਾਉਂਦਾ ਸੀ। ਜੇ 50% ਤੋਂ ਉਪਰ ਲੋਕ ਯੂਨੀਅਨ ਦੇ ਹੱਕ ਵਿਚ ਵੋਟ ਪਾਉਂਦੇ ਸਨ ਤਾਂ ਯੂਨੀਅਨ ਬਣ ਜਾਂਦੀ ਸੀ ਨਹੀਂ ਤਾਂ ਨਹੀਂ। ਜਾਂ ਜੇ ਪਹਿਲਾਂ ਹੀ 55% ਲੋਕ ਯੂਨੀਅਨ ਦੇ ਹੱਕ ਵਿਚ ਦਸਤਖਤ ਕਰ ਦਿੰਦੇ ਸਨ ਤਾਂ ਬੋਰਡ ਉਸ ਯੂਨਿਟ ਵਿਚ ਆਟੋਮੈਟੀਕਲੀ ਸਰਟੀਫਿਕੇਸ਼ਨ ਦੇ ਦਿੰਦਾ ਸੀ ਅਤੇ ਵੋਟਾਂ ਨਹੀਂ ਸਨ ਪੈਂਦੀਆਂ। ਪਰ ਹੁਣ ਹਰ ਹਾਲਤ ਵਿਚ ਵੋਟਾਂ ਪਾਈਆਂ ਜਾਇਆ ਕਰਨਗੀਆਂ ਭਾਵੇਂ 100% ਲੋਕਾਂ ਨੇ ਦਸਤਖਤ ਕੀਤੇ ਹੋਣ। ਇਸ ਨਾਲ ਮਾਲਕ ਨੂੰ ਸਿਧਾ ਫਾਇਦਾ ਪੁੱਜਦਾ ਹੈ। ਕਿਉਂਕਿ ਉਹ ਵੋਟਾਂ ਤੱਕ ਮਜ਼ਦੂਰਾਂ ਨੂੰ ਡਰਾ ਧਮਕਾ ਕੇ ਜਾਂ ਕਿਸੇ ਹੋਰ ਕਾਰਣ ਕਰ ਯੂਨੀਅਨ ਦਾ ਵਿਰੋਧ ਕਰਨ ਲਈ ਮਨਾ ਸਕਦਾ ਹੈ। ਇਸਦੇ ਨਾਲ ਹੀ ਹੁਣ ਸਰਟੀਫਿਕੇਸ਼ਨ ਲਈ ਅਪਲਾਈ ਕਰਨ ਲਈ 45% ਦੀ ਥਾਂ 55% ਦੀ ਲੋੜ ਹੈ। ਜੇ ਆਪਾਂ ਇਹ ਦੇਖੀਏ ਕਿ ਵੋਟਾਂ ਪੈਣ ਸਮੇਂ ਵੋਟ ਕੌਣ ਪਾ ਸਕਦਾ ਹੈ ਤਾਂ ਸਰਕਾਰ ਦਾ ਮਜ਼ਦੂਰ ਵਿਰੋਧੀ ਕਿਰਦਾਰ ਹੋਰ ਵੀ ਨੰਗਾ ਹੋ ਜਾਂਦਾ ਹੈ। ਜੇ ਯੂਨੀਅਨ ਬਨਣੀ ਹੋਵੇ ਤਾਂ ਉਹ ਹੀ ਮਜ਼ਦੂਰ ਵੋਟ ਪਾ ਸਕਦਾ ਹੈ ਜਿਹੜਾ ਉਸ ਸਮੇਂ ਉਸ ਯੂਨਿਟ ਵਿਚ ਕੰਮ ਕਰਦਾ ਹੋਵੇ। ਜਿਹੜਾ ਮਜ਼ਦੂਰ ਲੇ ਆਫ ਹੋਵੇ ਉਸਨੂੰ ਵੋਟ ਦਾ ਹੱਕ ਨਹੀਂ। ਪਰ ਜੇ ਯੂਨੀਅਨ ਤੋੜਨੀ ਹੋਵੇ ਤਾਂ ਉਹ ਮਜ਼ਦੂਰ ਵੀ ਵੋਟ ਪਾ ਸਕਦਾ ਹੈ ਜਿਹੜਾ ਲੇ ਆਫ ਹੋਵੇ ਬਸ਼ਰਤੇ ਕਿ ਉਸਨੂੰ ਹੋਰ ਕਿਤੇ ਪੱਕਾ ਕੰਮ ਨਾ ਮਿਲਿਆ ਹੋਵੇ। ਇਸ ਤਰ੍ਹਾਂ ਮਾਲਕ ਲੇ ਆਫ ਹੋਏ ਮਜ਼ਦੂਰ ਨੂੰ ਕੰਮ ਦਾ ਲਾਰਾ ਦੇ ਕੇ ਯੂਨੀਅਨ ਵਿਰੁੱਧ ਵੋਟ ਪਵਾ ਸਕਦਾ ਹੈ। ਕਿਉਂ ਹੈ ਕਿ ਨਹੀਂ ਨਿਆਂ ਦੀ ਨਵੀਂ ਮਿਸਾਲ। ਇਸ ਤਰ੍ਹਾਂ ਯੂਨੀਅਨ ਬਣਾਉਣ ਵਿਚ ਮੁਸ਼ਕਲਾਂ ਪੈਦਾ ਕਰਨਾ ਸਾਡੇ ਅਤੇ ਹੋਰ ਘੱਟ ਗਿਣਤੀਆਂ ਲਈ ਵੱਧ ਨੁਕਸਾਨ ਦੇਹ ਹੈ। ਕਿਉਂਕਿ ਆਮ ਕਰਕੇ ਅਸੀਂ ਹੀ ਜ਼ਿਆਦਾ ਉਨਾਂ ਥਾਵਾਂ ਤੇ ਕੰਮ ਕਰਦੇ ਹਾਂ ਜਿੱਥੇ ਤਨਖਾਹਾਂ ਘੱਟ ਹਨ, ਲੁੱਟ ਖਸੁੱਟ ਜ਼ਿਆਦਾ। ਜਿਵੇਂ ਫਾਰਮ ਵਰਕਰ, ਘਰਾਂ ਵਿਚ ਐਡਵਰਟਾਇਜ਼ਿੰਗ ਦੇ ਪੇਪਰ ਸੁੱਟਣ ਵਾਲੇ ਕਲੀਨ ਅਪ ਦਾ ਕੰਮ ਕਰਨ ਵਾਲੇ ਆਦਿ। ਇਨਾਂ ਥਾਵਾਂ ਉਪਰ ਯੂਨੀਅਨਾਂ ਦੀ ਜ਼ਿਆਦਾ ਜ਼ਰੂਰਤ ਹੈ।

ਇਸ ਐਕਟ ਦੀ ਅਗਲੀ ਮਜ਼ਦੂਰ ਵਿਰੋਧੀ ਤਰਮੀਮ ਹੈ 'ਜ਼ਰੂਰੀ ਸੇਵਾਵਾਂ' ਦੇ ਘੇਰੇ ਨੂੰ ਸਰਕਾਰੀ ਅਦਾਰਿਆਂ ਤੋਂ ਅੱਗੇ ਪਰਾਈਵੇਟ ਅਦਾਰਿਆਂ ਤਕ ਲਿਜਾਣਾ। ਇਸ ਨਾਲ ਸਰਕਾਰ ਕੋਲ ਏਨੀ ਤਾਕਤ ਹੋ ਜਾਵੇਗੀ ਕਿ ਉਹ ਸੂਬੇ ਵਿਚ ਹੋਈ ਕਿਸੇ ਵੀ ਹੜਤਾਲ ਨੂੰ 'ਬੈਕ ਟੂ ਵਰਕ" ਹੁਕਮ ਦੇ ਖਤਮ ਕਰ ਸਕੇ। ਉਦਾਹਰਣ ਲਈ :— ਲਕੜ ਮਿਲਾਂ 'ਚ ਕੰਮ ਕਰਨ ਵਾਲੇ (ਆਈ. ਡਬਲਯੂ. ਏ ਦੇ ਮੈਂਬਰ) ਜੇ ਆਪਣੇ ਹੱਕਾਂ ਲਈ ਹੜਤਾਲ ਕਰ ਦੇਣ। ਇਸ ਕਾਨੂੰਨ ਮੁਤਾਬਿਕ ਸਰਕਾਰ ਉਨ੍ਹਾਂ ਨੂੰ ਇਹ ਕਹਿਕੇ "ਇਸ ਹੜਤਾਲ ਨਾਲ ਸੂਬੇ ਦੀ ਆਰਥਿਕਤਾ ਨੂੰ ਖਤਰਾ ਹੈ" ਕੰਮ ਤੇ ਵਾਪਸ ਘੱਲ ਸਕਦੀ ਹੈ। ਪਹਿਲਾਂ ਜ਼ਰੂਰੀ ਸੇਵਾਵਾਂ ਵਿਚ ਸਿਰਫ ਪੁਲੀਸ ਮੈਨ, ਫਾਇਰਫਾਇਟਰ ਅਤੇ ਹੈਲਥ ਕੇਅਰ ਵਰਕਰ ਹੀ ਆਉਂਦੇ ਸਨ। ਇਸ ਤਰ੍ਹਾਂ ਮਜ਼ਦੂਰਾਂ ਤੋਂ ਉਨ੍ਹਾਂ ਵਲੋਂ ਆਪਣੇ ਹੱਕ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਇਕੋ ਇਕ ਹੱਕ 'ਹੜਤਾਲ' ਵੀ ਖੋਹਿਆ ਜਾ ਰਿਹਾ ਹੈ। ਲੇਬਰ ਕੋਡ ਅਮੈਂਡਮੈਂਟ ਐਕਟ ਵਿਚ ਹੋਰ ਵੀ ਬਹੁਤ ਕੁਝ ਅਜਿਹਾ ਹੈ ਜੋ ਮਜ਼ਦੂਰਾਂ ਅਤੇ ਲੋਕਾਂ ਦੇ ਹਿੱਤਾਂ ਵਿਰੁੱਧ ਹੈ ਜੇ ਉਸ ਸਭ ਬਾਰੇ ਲਿਖਣਾ ਹੋਵੇ ਤਾਂ ਲੇਬਰ ਅਮੈਂਡਮੈਂਟ ਐਕਟ ਉਪਰ ਹੀ ਇਕ ਵੱਖਰੇ ਲੇਖ ਦੀ ਜ਼ਰੂਰਤ ਹੈ। ਅਸੀਂ ਇਸ ਲੇਖ ਵਿਚ ਸਿਰਫ ਕੁਝ ਕੁ ਉਦਾਹਰਣਾਂ ਹੀ ਲਈਆਂ ਹਨ।

**ਬਿੱਲ 5 :—** ਇਸ ਬਿੱਲ ਨਾਲ ਪੁਰਾਣਾ ਰੈਜੀਡੈਂਸ਼ਲ ਟੈਨਿਨਸੀ ਐਕਟ ਖਤਮ ਕਰ ਦਿੱਤਾ ਗਿਆ ਹੈ। ਸਾਰੇ ਰੈਂਟਿਲਮੈਨਜ਼ ਆਫਿਸ ਸਤੰਬਰ 30, 1984 ਤੋਂ ਬੰਦ ਕਰ ਦਿੱਤੇ ਜਾਣਗੇ। ਇਹ ਸਭ ਕੁਝ ਹੋਣ ਨਾਲ ਮਕਾਨ ਮਾਲਕਾਂ (Landlords) ਨੂੰ ਇਹ ਹੱਕ ਮਿਲ ਜਾਂਦਾ ਹੈ ਕਿ ਉਹ ਕਿਸੇ ਵੀ ਕਿਰਾਏਦਾਰ ਨੂੰ ਕਿਸੇ ਵੀ ਸਮੇਂ ਬਿਨਾਂ ਕਿਸੇ ਕਾਰਨ ਘਰੋਂ ਕੱਢ ਸਕਦੇ ਹਨ। ਅਤੇ ਜਿੰਨਾਂ ਮਰਜ਼ੀ ਕਿਰਾਇਆ ਵਧਾ ਸਕਦਾ ਹੈ। ਇਸ ਬਿੱਲ ਤੋਂ ਆਪਣੇ ਕੁਝ ਪੰਜਾਬੀ (ਜਿਨਾਂ ਕੋਲ ਘਰ ਹਨ) ਆਪਣੀ ਖੁਦਗਰਜ਼ ਸੋਚ ਕਾਰਨ ਬਹੁਤ ਖੁਸ਼ ਹਨ ਕਿ ਉਨ੍ਹਾਂ ਨੂੰ ਇਸਦਾ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ। ਇਹ ਕਾਨੂੰਨ ਸਰਕਾਰ ਨੇ ਉਨਾਂ ਦੇ ਫਾਇਦੇ ਕਰਕੇ ਨਹੀਂ ਬਣਾਇਆ ਸਗੋਂ ਵੱਡੀਆਂ ਵੱਡੀਆਂ ਅਪਰਾਟਮੈਂਟਾਂ ਦੇ ਮਾਲਕਾਂ ਦੇ ਫਾਇਦੇ ਲਈ ਬਣਾਇਆ ਹੈ ਭਾਵੇਂ ਘਰਾਂ ਦੇ ਮਾਲਕਾਂ ਨੂੰ ਵੀ ਇਸਤੋਂ ਥੋੜਾ ਬਹੁਤ ਫਾਇਦਾ ਹੋ ਜਾਵੇ। ਇਸਦੇ ਨਾਲ ਇਹ ਵੀ ਗੱਲ ਹੈ ਕਿ ਅੱਗੇ ਜਦ ਕੋਈ ਕਿਰਾਏਦਾਰ 3-4 ਮਹੀਨੇ ਤੁਹਾਡਾ ਕਿਰਾਇਆ ਨਹੀਂ ਸੀ ਦਿੰਦਾ ਤੁਸੀਂ ਰੈਂਟਿਲਮੈਨਜ਼ ਆਫਿਸ ਚਲੇ ਜਾਂਦੇ ਸੀ। ਉਹ ਤੁਹਾਡਾ ਫੈਸਲਾ ਕਰਾ ਤੁਹਾਨੂੰ ਪੈਸੇ ਦਵਾ ਦਿੰਦੇ ਸਨ। ਪਰ ਹੁਣ ਤੁਹਾਨੂੰ 3-4 ਮਹੀਨੇ ਦਾ ਕਿਰਾਇਆ ਵਸੂਲ ਕਰਨ ਲਈ ਕੋਰਟਾਂ 'ਚ ਜਾਣਾ ਪਿਆ ਕਰੇਗਾ ਜਿੱਥੇ ਵਕੀਲ ਦਾ ਖਰਚ ਤੁਹਾਡੇ ਰਹਿੰਦੇ ਕਿਰਾਏ ਤੋਂ ਜ਼ਿਆਦਾ ਹੋਵੇਗਾ।

ਦੂਜੇ ਪਾਸੇ ਆਪਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਜਿਹੋ ਜਿਹੇ ਸੂਬੇ ਜਾਂ ਦੇਸ਼ ਦੇ ਆਰਥਿਕ ਹਾਲਾਤ ਹਨ ਉਸ ਹਿਸਾਬ ਨਾ ਲ ਇਨਾਂ ਪੁਰਾਣੇ ਲੋਕਾਂ ਤੋਂ ਬਿਨਾਂ (ਜਿਹਨਾਂ ਕੋਲ ਘਰ ਹਨ) ਜਿਹੜੇ ਨਵੇਂ ਨੌਜਵਾਨ ਜੋੜੇ ਘਰ ਵਸਾ ਰਹੇ ਹਨ, ਨਵੇਂ ਕੈਨੇਡਾ 'ਚ ਆ ਰਹੇ ਹਨ, ਉਹ ਬਹੁਤ ਘੱਟ ਆਪਣੇ ਘਰ ਲੈ ਸਕਣਗੇ।

ਇਨਾਂ ਵਿਚੋਂ ਬਹੁਤਿਆਂ ਨੂੰ ਅਪਾਰਮੈਂਟਾਂ, ਬੇਸਮੈਂਟਾਂ 'ਚ ਕਿਰਾਏ ਤੇ ਰਹਿਣਾ ਪਵੇਗਾ। ਜੇ ਹੁਣ ਇਨਾਂ ਨੂੰ ਕੋਈ ਉਨਾਂ ਦੇ ਰੰਗ, ਨਸਲ ਆਦਿ ਕਰਕੇ ਮਕਾਨ ਕਿਰਾਏ ਤੇ ਨਾ ਦੇਵੇ ਜਾਂ ਬਹੁਤਾ ਕਿਰਾਇਆ ਵਸੂਲ ਕਰੇ ਤਾਂ ਉਹ ਕਿੱਧਰ ਜਾਣਗੇ। ਸਾਨੂੰ ਸਿਰਫ ਆਪਣੇ ਲਈ ਨਹੀਂ ਸਗੋਂ ਆਪਣੇ ਬੱਚਿਆਂ ਆਪਣੇ ਭੈਣਾਂ ਭਰਾਵਾਂ ਬਾਰੇ ਵੀ ਸੋਚਣਾ ਚਾਹੀਦਾ ਹੈ ਅਤੇ ਇਸ ਉਪਰ ਖੁਸ਼ ਹੋਣ ਦਾ ਭਰਮ ਕੱਢ ਦੇਣਾ ਚਾਹੀਦਾ ਹੈ।

**ਬਿੱਲ 6 :—** ਇਸ ਬਿੱਲ ਮੁਤਾਬਿਕ ਸਿੱਖਿਆ ਵਿਭਾਗ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਸਕੂਲਾਂ ਦੇ ਬੱਜਟਾਂ ਉਪਰ ਕੱਟ ਲਾਇਆ ਜਾ ਰਿਹਾ ਹੈ। ਇਸ ਨਾਲ ਬੀ. ਸੀ. 'ਚ ਪੜ੍ਹ ਰਹੇ ਸਾਰੇ ਵਿਦਿਆਰਥੀਆਂ ਉਪਰ ਅਸਰ ਪਵੇਗਾ। ਪਰ ਸਭ ਤੋਂ ਪਹਿਲਾਂ ਅਸਰ ਇਮੀਗਰਾਂਟ ਵਿਦਿਆਰਥੀਆਂ ਉਪਰ ਪਵੇਗਾ। ਕਿਉਂਕਿ ਸਭ ਤੋਂ ਪਹਿਲਾਂ ਈ. ਐਸ. ਐਲ. (English as second language) ਵਰਗੇ ਪ੍ਰੋਗਰਾਮ ਬੰਦ ਕੀਤੇ ਜਾਣਗੇ ਜਿਹਨਾਂ ਦੀ ਜ਼ਰੂਰਤ ਇਮੀਗਰਾਂਟ ਲੋਕਾਂ ਦੇ ਬੱਚਿਆਂ ਨੂੰ ਹੀ ਹੈ। ਜੇ ਸਾਡੇ ਬੱਚੇ ਇੰਗਲਿਸ਼ ਚੰਗੀ ਤਰ੍ਹਾਂ ਨਾ ਸਿੱਖ ਸਕੇ ਤਾਂ ਸਕੂਲਾਂ 'ਚ ਕਿੰਝ ਚਲਣਗੇ। ਫਿਰ ਸਾਡਾ ਉਨਾਂ ਨੂੰ ਕੁਝ ਬਣਾਉਣ ਦਾ ਸੁਫਨਾ, ਸੁਫਨਾ ਹੀ ਰਹਿ ਜਾਵੇਗਾ ਕਿਉਂਕਿ ਉਹ ਬੱਚੇ ਸਕੂਲਾਂ ਚੋਂ ਡਰਾਪ ਆਊਟ ਹੋ ਕੇ ਮਜ਼ਦੂਰੀ ਕਰਨ ਜੋਗੇ ਹੀ ਰਹਿ ਜਾਣਗੇ।

ਇਹ ਤਾਂ ਸਨ ਉਹ ਬਿੱਲ ਜੋ ਸਾਡੀ ਕਮਿਊਨਿਟੀ ਅਤੇ ਹੋਰ ਘੱਟ ਗਿਣਤੀਆਂ ਉਪਰ ਸਿੱਧਾ ਮਾਰੂ ਅਸਰ ਪਾਉਂਦੇ ਹਨ। ਬਾਕੀ ਦੇ ਬਿੱਲ ਵੀ ਸਾਡੇ ਉਪਰ ਅਸਰ ਪਾਉਂਦੇ ਹਨ ਕਿਉਂਕਿ ਸਾਰੇ ਦੇ ਸਾਰੇ ਬਿੱਲ ਬੀ. ਸੀ. 'ਚ ਰਹਿ ਰਹੇ ਲੋਕਾਂ ਦੇ ਵਿਰੋਧੀ ਹਨ ਅਤੇ ਅਸੀਂ ਬ੍ਰਿਟਿਸ਼ ਕੋਲੰਬੀਅਨ ਪਹਿਲਾਂ ਅਤੇ ਭਾਰਤੀ ਬਾਅਦ 'ਚ ਹਾਂ। ਬਿੱਲ 15 ਨਾਲ ਸੇਲਜ਼ ਟੈਕਸ 6 ਪ੍ਰਤੀਸ਼ਤ ਤੋਂ ਵਧਾ 7 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਬਿੱਲ 24 ਡਾਕਟਰਾਂ ਲਈ ਬੈਲੈਂਸ ਬਿਲਿੰਗ ਕਰਨ ਲਈ ਦਰਵਾਜ਼ੇ ਖੋਲ੍ਹਦਾ ਹੈ। ਜਿਵੇਂ :— ਡਾਕਟਰ ਕਹਿਣ ਕਿ ਸਾਨੂੰ ਇਕ ਵਿਜ਼ਿਟ ਦੇ 20 ਡਾਲਰ ਮਿਲਣੇ ਚਾਹੀਦੇ ਹਨ ਪਰ ਸਰਕਾਰ ਉਨ੍ਹਾਂ ਨੂੰ ਇਕ ਵਿਜ਼ਿਟ ਦੇ 16 ਡਾਲਰ ਦੇਵੇ ਤਾਂ ਬਾਕੀ ਦੇ ਚਾਰ ਡਾਲਰ ਡਾਕਟਰ ਪੇਸ਼ੈਂਟ ਤੋਂ ਚਾਰਜ਼ ਕਰ ਸਕਦੇ ਹਨ।

ਉਪਰ ਕੀਤੇ ਵਿਚਾਰ ਵਿਟਾਂਦਰੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਰੇ ਦੇ ਸਾਰੇ ਬਿੱਲ ਗਰੀਬਾਂ ਉਪਰ ਹਮਲਾ ਹਨ। ਇਸ ਤਰ੍ਹਾਂ ਇਹ ਅਚਾਨਕ ਨਹੀਂ ਹੋ ਗਿਆ। ਸਗੋਂ ਇਹ ਇਕ ਸੋਚੀ ਸਮਝੀ ਗੱਲ ਹੈ। ਸੋਸ਼ਲ ਕਰੈਡਿਟ ਸਰਕਾਰ ਅਮੀਰਾਂ ਦੀ ਸਰਕਾਰ ਹੈ। ਉਨਾਂ ਜੋ ਵੀ ਕਰਨਾ ਹੈ ਅਮੀਰਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਕਰਨਾ। ਉਹ ਇਹ ਸਭ ਕੁਝ ਇਸ ਨਾਂ ਥੱਲੇ ਕਰ ਚੁੱਕੇ ਹਨ ਕਿ ਸਰਕਾਰ ਕੋਲ ਪੈਸਾ ਨਹੀਂ। ਪਰ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਪੈਸਾ ਇਕੱਠਾ ਕਰਨ ਲਈ ਕਿ ਉਨਾਂ ਅਮੀਰਾਂ ਉਪਰ ਵੀ ਕਿਸੇ ਤਰਾਂ ਦਾ ਬੋਝ ਪਾਇਆ ਹੈ ਜਾਂ ਨਹੀਂ। ਜੁਆਬ ਨਾਂਹ 'ਚ ਮਿਲੇਗਾ। ਸਾਰੇ ਦਾ ਸਾਰਾ ਬੋਝ ਗਰੀਬਾਂ ਉਪਰ ਪਾਇਆ ਗਿਆ ਹੈ। ਗਰੀਬ ਅਤੇ ਆਮ ਲੋਕ ਤਾਂ ਇਸ ਮੰਦਵਾੜੇ ਕਾਰਨ ਪਹਿਲਾਂ ਹੀ ਥੱਲੇ ਲੱਗੇ ਹੋਏ ਸਨ ਫਿਰ ਉਨਾਂ ਉਪਰ ਇਹ ਬੋਝ ਪਾਉਣਾ ਕਿਥੋਂ ਤੱਕ ਠੀਕ ਹੈ ? ਇਸ ਤਰ੍ਹਾਂ ਸਾਨੂੰ ਇਸ ਗੱਲ ਦਾ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਜਦੋਂ ਉਹ ਕਹਿੰਦੇ ਹਨ ਕਿ ਏਥੇ ਸਭ ਨੂੰ ਇਕੋ ਜਿਹਾ ਹੱਕ ਹੈ, ਉਸ ਸਮੇਂ ਉਹ ਝੂਠ ਬੋਲ ਰਹੇ ਹੁੰਦੇ ਹਨ। ਜੇ ਏਥੇ ਕੋਈ ਹੱਕ ਹੈ ਤਾਂ ਸਿਰਫ ਉਸ ਕੋਲ ਜਿਸ ਕੋਲ ਪੈਸਾ ਹੈ। ਇਸ ਤਰ੍ਹਾਂ ਹੀ ਸਾਨੂੰ ਉਨ੍ਹਾਂ ਦੀ ਡੈਮੋਕਰੇਸੀ ਦੀ ਬੀਣ ਦਾ ਸੰਗੀਤ ਵੀ ਸਮਝ ਲੈਣਾ ਚਾਹੀਦਾ ਹੈ। ਡੈਮੋਕਟੇਸੀ ਦਾ ਅਰਥ 'ਸਭ ਨੂੰ ਬਰਾਬਰ ਹੱਕ' ਨਹੀਂ, ਸਗੋਂ 'ਸਿਰਫ ਪੈਸੇ ਵਾਲਿਆਂ ਨੂੰ ਹੀ ਹੱਕ ਹੈ।'

ਉਨ੍ਹਾਂ ਨੇ ਇਹ ਹਮਲਾ ਇਸ ਸਮੇਂ ਇਹ ਸੋਚ ਕੇ ਕੀਤਾ ਕਿ ਮਜ਼ਦੂਰ ਅਤੇ ਆਮ ਲੋਕ ਇਸ ਸਮੇਂ ਮੰਦਵਾੜੇ ਕਾਰਨ ਆਰਥਿਕ ਪੱਖੋਂ ਕਮਜ਼ੋਰ ਹੋ ਚੁੱਕੇ ਹਨ ਇਸ ਲਈ ਉਹ ਇਸਦਾ ਵਿਰੋਧ ਘੱਟ ਕਰਨਗੇ। ਪਰ ਖੁਸ਼ੀ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਇਹ ਸੋਚ ਗਲਤ ਸਾਬਤ ਹੋਈ ਹੈ। ਪਹਿਲਾਂ ਹੀ ਲੱਖ ਦੀ ਗਿਣਤੀ ਵਿਚ ਲੋਕੀ ਇਸਦਾ ਵਿਰੋਧ ਕਰ ਚੁੱਕੇ ਹਨ। ਹੁਣ ਸੋਲੈਡਰਟੀ ਕੋਲੀਸ਼ਨ ਨਾਂ ਥੱਲੇ ਵੱਖ ਵੱਖ ਯੂਨੀਅਨਾਂ ਕਮਿਊਨਿਟੀ ਗਰੁੱਪਸ, ਚਰਚਾ ਵਾਲੇ ਇਸਦਾ ਵਿਰੋਧ ਕਰਨ ਵਿਚ ਸਰਗਰਮ ਹਨ। ਹੁਣ ਤਾਂ ਆਪਣੇ ਗੁਰਦੁਆਰਿਆਂ ਵਲੋਂ ਵੀ ਸਿੱਖ ਸੋਲੈਡਰਟੀ ਹੋਂਦ ਵਿਚ ਆ ਚੁਕੀ ਹੈ। ਇਹ ਬਹੁਤ ਖੁਸ਼ੀ ਦੀ ਗੱਲ ਹੈ। ਆਸ ਹੈ ਉਹ ਇਸ ਵਿਰੋਧ ਵਿਚ ਵਧ ਚੜ੍ਹ ਕੇ ਹਿਸਾ ਲੈਣਗੇ। ਜਦੋਂ ਆਪਣੇ ਲੋਕ ਇਸ ਵਿਰੋਧ ਵਿਚ ਸ਼ਾਮਲ ਹੋਣਗੇ, ਉਦੋਂ ਇਕ ਤਾਂ ਉਹ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੇ ਹੋਣਗੇ ਦੂਜਾ ਏਥੋਂ ਦੇ ਆਮ ਲੋਕਾਂ ਅਤੇ ਮਜ਼ਦੂਰ ਜਮਾਤ ਨਾਲ ਸਾਂਝ ਪੈਦਾ ਕਰ ਸਕਣਗੇ ਤਾਂ ਕਿ ਭਵਿੱਖ ਵਿਚ ਜੇ ਕਦੇ ਆਪਣੀ ਕਮਿਊਨਿਟੀ ਉਪਰ ਇਕੱਲਿਆਂ ਹਮਲਾ ਹੋਵੇ ਤਾਂ ਇਹ ਲੋਕ ਵੀ ਉਸ ਹਮਲੇ ਵਿਰੁੱਧ ਲੜਾਈ ਵਿਚ ਸਾਡੇ ਨਾਲ ਹੋਣ।

**'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰਨਾ ਦਿਉ**


**Sunlife**
OF CANADA
**Get Your Life in Shape**



**Mohinder Singh Gill**
**B.Comm.,M.B.A.,C.G.A.**
Life Under Writer

700 Royal Center (Box 11112)
1055 W. Georgia St., Vancouver, B.C.
V6E 3P3

**Do You Have a Key-Person in Your Business ?**

What would happen if you lost that person ? Insure your reco very
Call: Off.682-8441 Res.433-1684

**United Realty Ltd.**

3879 Oak Street, Vancouver, B.C. V6H 2M6

- **BUYING**
- **SELLING**

**Free Evaluation For Your Property Call Any Time Without Any Obligation.**

**Malkit Dhami, M.A. (Eco.)**
Res.879-1273 Pager 524-8581, #2229
Office. 736-3831

# ਭਾਰਤ ਦਰਪਣ

## ਕਿਸੇ ਦੇ ਘਰੇਲੂ ਮਾਮਲਿਆਂ ਵਿਚ ਸਾਡਾ ਦਖਲ ਨਹੀਂ

ਭਾਰਤ ਨੇ ਪਾਕਿਸਤਾਨ ਨੂੰ ਚਿਤਾਵਨੀ ਦਿਤੀ ਹੈ ਕਿ ਪਾਕਿਸਤਾਨੀ ਲੀਡਰਾਂ ਦੀ ਭਾਰਤ ਪ੍ਰਤੀ ਗਲਤ ਬਿਆਨੀਆਂ ਕਿ ਭਾਰਤ ਉਨਾ ਦੇ ਘਰੇਲੂ ਮਾਮਲਿਆਂ ਵਿਚ ਦਖਲ ਦੇ ਰਿਹਾ ਹੈ, ਭਾਰਤ ਅਤੇ ਪਾਕਿਸਤਾਨ ਵਿਚਕਾਰ ਸੁਧਰ ਰਹੇ ਹਾਲਾਤ ਅਤੇ ਆਪਸੀ ਮੁਫਾਦ ਦੇ ਕੰਮਾਂ ਵਿਚ ਔਕੜ ਬਣ ਕੇ ਖੜੀਆਂ ਹੋ ਜਾਣਗੀਆਂ ਅਤੇ ਇਸ ਤਰਾਂ ਤੇਜੀ ਨਾਲ ਹਾਲਾਤ ਨਾਰਮਲ ਨਹੀਂ ਹੋ ਸਕਣਗੇ।

## ਕੀ ਸ੍ਰੀ ਮੀਰ ਕਾਸਮ ਕਾਂਗਰਸ ਨੂੰ ਸਲਾਮ ਕਹਿਣ ਵਾਲੇ ਹਨ ?

ਕਾਂਗਰਸ (ਆਈ)ਦੀ ਪ੍ਰਧਾਨ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਿਲਣ ਲਈ ਲਗਾਤਾਰ ਤਿੰਨ ਦਿਨ ਸ੍ਰੀ ਮੀਰ ਕਾਸਮ ਇੰਤਜਾਰ ਕਰਦੇ ਰਹੇ ਭਾਵੇਂ ਕਿ ਉਨਾਂ ਨੇ ਦਿੱਲੀ ਆਉਂਦਿਆਂ ਹੀ ਮਿਲਣ ਲਈ ਸਮੇਂ ਦੀ ਮੰਗ ਕੀਤੀ ਸੀ ਪਰ ਕਾਂਗਰਸ ਪ੍ਰਧਾਨ ਦੇ ਦਫਤਰ ਵਲੋਂ ਕੋਈ ਜੁਵਾਬ ਨਹੀ ਸੀ ਮਿਲਿਆ। ਹੁਣ ਉਹ ਇਸ ਗੱਲ ਦਾ ਫੈਸਲਾ ਕਰਨ ਗੇ ਕਿ ਕੀ ਉਹ ਪਾਰਟੀ ਨੂੰ ਛੱਡ ਰਹੇ ਹਨ ਜਾਂ ਨਹੀਂ।

## ਫਿਲਮ 'ਗਾਂਧੀ' ਜਾਂ ਟਕਸਾਲ

ਸਾਰੇ ਵਿਸ਼ਵ ਵਿਚ ਚਲ ਰਹੀ ਫਿਲਮ 'ਗਾਂਧੀ' ਨੇ ਅੱਧ ਜੂਨ ਤਕ 85 ਮਿਲੀਅਨ ਡਾਲਰ ਕਮਾ ਲਏ ਹਨ ਅਤੇ ਅਜੇ ਵੀ ਹਰ ਥਾਂ ਹੀ ਬੜੇ ਜੋਰ ਸ਼ੋਰ ਨਾਲ ਚਲ ਰਹੀ ਹੈ।

## ਈਮਾਨਦਾਰੀ ਮਰੀ ਨਹੀਂ —

ਜੋਧਪੁਰ - ਇਕ ਪੈਨਸ਼ਨਰ ਨੇ ਇਕ ਮੰਦਰ ਵਿਚੋਂ ਲਭਿਆ ਸੋਨਾ ਉਸਦੇ ਮਾਲਕ ਤਕ ਪੁਚਾ ਦਿਤਾ। ਸੋਨੇ ਦੀ ਕੀਮਤ ਇਕ ਲੱਖ ਰੁਪੇ ਦੱਸੀ ਜਾਂਦੀ ਹੈ। ਸ੍ਰੀ ਸ਼ਰਮਾ ਜਦ ਮੰਦਰ ਵਿਚ ਪੂਜਾ ਲਈ ਗਏ ਤਾਂ ਇਕ ਮੈਲੇ ਜਹੇ ਥੈਲੇ ਵਿਚ ਪਿਆ ਸੋਨਾ ਲੱਭਾ। ਥੈਲੇ ਵਿਚ ਪਏ ਰਾਸ਼ਨ ਕਾਰਡ ਤੋਂ ਉਸਦੇ ਮਾਲਕ ਦਾ ਨਾਉਂ, ਥਾਉਂ ਟਿਕਾਣਾ ਲਭਿਆ। ਮਾਲਕ ਸੋਨੇ ਨੂੰ ਬੈਂਕ ਦੇ ਲੌਕਰ ਵਿਚ ਰਖਣ ਲਈ ਲੈਕੇ ਜਾ ਰਿਹਾ ਸੀ।

## ਮੱਧਕਾਲੀ ਚੋਣਾਂ ਬਾਰੇ ਚੰਦਰ ਸ਼ੇਖਰ ਨੂੰ ਸੰਦੇਹ

ਜਲੰਧਰ—ਜਨਤਾ ਪਾਰਟੀ ਮੁਖੀ ਸ੍ਰੀ ਚੰਦਰ ਸ਼ੇਖਰ ਨਹੀਂ ਸਮਝਦੇ ਕਿ ਲੋਕ ਸਭਾ ਦੀਆਂ ਮੱਧਕਾਲੀ ਚੋਣਾਂ ਦੀ ਕੋਈ ਸੰਭਾਵਨਾ ਹੈ। ਏਥੇ ਅਖਬਾਰੀ ਨੁਮਾਇੰਦਿਆਂ ਨਾਲ ਗਲਬਾਤ ਕਰਦਿਆਂ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਕਿ ਇਸ ਗੱਲ ਵਿਚ ਕੋਈ ਤਰਕ ਨਹੀਂ ਜਾਪਦਾ ਕਿ ਸ੍ਰੀਮਤੀ ਗਾਂਧੀ ਮਧਕਾਲੀ ਚੋਣਾਂ ਕਰਾਉਣਾ ਚਾਹੁੰਦੇ ਹਨ। ਕਿਉਂਕਿ ਜੇ ਚੋਣਾਂ ਵੇਲੇ ਸਿਰ ਹੋਣ ਤਾਂ ਸ੍ਰੀਮਤੀ ਗਾਂਧੀ ਦਾ ਕੋਈ ਨੁਕਸਾਨ ਨਹੀਂ। ਉਹਨਾਂ ਕਿਹਾ ਕਿ ਸ੍ਰੀਮਤੀ ਗਾਂਧੀ ਵਲੋਂ ਪਾਕਿਸਤਾਨ ਵਿਚਲੀ ਜਮਹੂਰੀਅਤ ਦੀ ਬਹਾਲੀ ਦੀ ਤਹਿਰੀਕ ਨੂੰ ਇਖਲਾਕੀ ਹਮਾਇਤ ਵਿਚ ਕੋਈ ਬੁਰਿਆਈ ਨਹੀਂ। ਤਾਂ ਵੀ ਉਹਨਾਂ ਕਿਹਾ ਕਿ ਸ੍ਰੀਮਤੀ ਗਾਂਧੀ ਹਿੰਦ ਵਿਚ ਤਾਂ ਜਮਹੂਰੀਅਤ ਦੀ ਮਜ਼ਬੂਤੀ ਲਈ ਕੁਝ ਨਹੀਂ ਕਰ ਰਹੇ।

## ਹਰਿਆਣੇ ਦੇ ਸਾਬਕ ਮੰਤਰੀ ਦੀ ਜਾਨ ਨੂੰ ਖਤਰਾ

ਚੰਡੀਗੜ੍ਹ—ਹਰਿਆਣੇ ਦੇ ਬਰਤਰਫ ਸ਼ੁਦਾ ਮੰਤਰੀ ਲਛਮਣ ਸਿੰਘ ਨੇ ਕਿਹਾ ਹੈ ਕਿ ਉਸਨੂੰ ਆਪਣੇ ਹਲਦੇ ਦੀ ਪੁਲਸ ਤੋਂ ਜਾਨ ਦਾ ਖਤਰਾ ਹੈ ਇਸ ਲਈ ਪੰਜੋਰ ਦੇ ਐਸ. ਐਚ. ਓ. ਨੂੰ ਤਬਦੀਲੀ ਕੀਤਾ ਜਾਏ। ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਜਿਨਾਂ ਪੁਲਸ ਅਧਿਕਾਰੀਆਂ ਵਿਰੁੱਧ ਉਨ੍ਹਾਂ ਮੁਖ ਮੰਤਰੀ ਨੂੰ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਸੀ ਉਨ੍ਹਾਂ ਨੂੰ ਜਾਣ ਬੁੱਝ ਕੇ ਉਨ੍ਹਾਂ ਦੇ ਹਲਕੇ ਵਿਚ ਤਬਦੀਲ ਕਰ ਦਿਤਾ ਗਿਆ ਹੈ। ਇਨ੍ਹਾਂ ਪੁਲਸ ਅਧਿਕਾਰੀਆਂ ਨੇ ਕਤਲ ਕਰਾਉਣ ਲਈ ਸਾਜ਼ਸ਼ ਰਚੀ ਹੋਈ ਹੈ।

## ਫੁੱਲ ਗੰਗਾ ਪੈ ਗਏ —

ਭਾਰਤ ਵਿਚ ਬਹੁਤ ਬਾਰਸ਼ਾਂ ਕਾਰਨ ਇਕ ਬੱਸ ਵੀ ਗੰਗਾ ਵਿਚ ਡਿਗ ਪਈ ਇਸ ਵਿਚ ਬੈਠੀਆ 20 ਸਵਾਰੀਆਂ ਵੀ ਗੰਗਾ ਦਾ ਤੇਜ ਵਗ ਰਿਹਾ ਪਾਣੀ ਬਹਾ ਕੇ ਲੈ ਗਿਆ।

## ਕਾਤਲ ਗਰੋਹ ਦੇ ਤਿੰਨ ਬੰਦੇ ਕਾਬੂ

ਅੰਮ੍ਰਿਤਸਰ—ਅੰਮ੍ਰਿਤਸਰ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਗਰਿਫਤਾਰ ਕਰਕੇ ਲੁਟਮਾਰ ਕਰਨ ਵਾਲਾ ਅੰਤਰ ਜ਼ਿਲਾ ਗਰੋਹ ਕਾਬੂ ਕਰ ਲੈਣ ਦਾ ਦਾਅਵਾ ਕੀਤਾ ਹੈ। ਸੀਨੀਅਰ ਪੁਲਸ ਅਧਿਕਾਰੀ ਸਰਬਜੀਤ ਸਿੰਘ ਨੇ ਪੱਤਰਕਾਰਾਂ ਨੂੰ ਦਸਿਆ ਕਿ ਪੁਲਸ ਵਲੋਂ ਗ੍ਰਿਫਤਾਰ ਕੀਤੇ ਗਏ ਤਿੰਨ ਵਿਅਕਤੀਆਂ ਟਹਿਲ ਸਿੰਘ, ਘਈਮਾ ਸਿੰਘ ਬਿੱਟੂ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਕਪੂਰਥਲਾ ਜ਼ਿਲਿਆਂ ਵਿਚ ਬਹੁਤ ਸਾਰੇ ਕਤਲਾਂ, ਚੋਰੀਆਂ ਅਤੇ ਡਾਕੇ ਦੀਆਂ ਵਾਰਦਾਤਾਂ ਨਾਲ ਸਬੰਧਤ ਹਨ। ਇਨਾਂ ਡਾਕੂਆਂ ਤੋਂ ਪਸਤੌਲ ਅਤੇ ਹੋਰ ਸਮਾਨ ਵੀ ਬਰਾਮਦ ਕੀਤਾ ਗਿਆ ਹੈ।

**"ਕੈਨੇਡਾ ਦਰਪਣ" ਦਾ ਇਕ ਪਾਠਕ ਹੋਰ ਬਣਾਓ**

## ਇੰਦਰ ਦੇਵਤਾ ਦੀ ਕਰੋਪੀ —

ਸਿਕਮ ਸਟੇਟ ਦੇ ਦੋ ਕਸਬੇ ਬੁਹਤੇ ਮੀਹਾਂ ਅਤੇ ਲੈਂਡ ਸਲਾਈਡਾਂ ਦੇ ਕਾਰਨ ਗਰਕਣੇ ਸ਼ੁਰੂ ਹੋਗਏ ਹਨ। ਇਨਾ ਕਸਬਿਆਂ ਦੀ ਆਬਾਦੀ ਘਰ ਬਾਰ ਛੱਡ ਕੇ ਚਲੀ ਗਈ ਹੈ।

## ਮਹਾਰਾਣੀ ਐਲਜਬਥ ਦੀ ਭਾਰਤ ਫੇਰੀ —

ਇੰਗਲੈਂਡ ਦੀ ਮਹਾਰਾਣੀ ਐਲਜਬਥ 17 ਨਵੰਬਰ ਤੋਂ 27 ਨਵੰਬਰ 83 ਤਕ ਆਪਣੇ ਦੂਸਰੇ ਸਰਕਾਰੀ ਦੌਰੇ ਤੇ ਭਾਰਤ ਪਧਾਰ ਰਹੇ ਹਨ। ਉਥੇ ਉਹ ਕਾਮਨਵੈਲਥ ਦੇਸ਼ਾਂ ਦੇ ਆਗੂਆਂ ਨੂੰ 23 ਨਵੰਬਰ 83 ਨੂੰ ਮਿਲਣਗੇ। ਉਨਾਂ ਦੇ ਪਤੀ ਡਿਊਕ ਆਫ ਐਡਨਬਰਗ ਵੀ ਉਨਾਂ ਦੇ ਨਾਲ ਹੋਣਗੇ। 17 ਨਵੰਬਰ 83 ਨੂੰ ਉਹ ਕੇਨੀਆ ਅਤੇ ਬੰਗਲਾ ਦੇਸ਼ ਦੇ ਦੌਰੇ ਤੋਂ ਉਪਰੰਤ ਭਾਰਤ ਪੁਜਣਗੇ।

## ਆਲ ਇੰਡੀਆ ਰੇਡੀਓ ਤੋਂ ਕੀਰਤਨ ਪ੍ਰਸ਼ਾਸ਼ਨ ਦੀ ਮੰਗ

ਪਟਿਆਲਾ — ਪੰਜਾਬ ਹਿੰਦੂ ਸੁਰਖਸ਼ਾ ਸਮਿਤੀ ਨੇ ਇਹ ਮੰਗ ਕੀਤੀ ਹੈ ਕਿ ਦੁਰਗਿਆਨਾ ਮੰਦਰ ਅੰਮ੍ਰਿਤਸਰ ਤੋਂ ਆਲ ਇੰਡੀਆ ਰੇਡੀਓ ਰਾਹੀਂ ਕੀਰਤਨ ਰੀਲੇ ਕੀਤਾ ਜਾਵੇ।

## 'ਨਿਕਾਹ' ਦੀ ਸਲਮਾਂ ਆਗਾ ਦਾ 'ਨਿਕਾਹ'

ਫਿਲਮੀ ਅਦਾਕਾਰਾ ਅਤੇ ਗਾਇਕਾ ਸਲਮਾ ਆਗਾ ਜੋ ਆਪਣੀ ਫਿਲਮ 'ਨਕਾਹ' ਦੀ ਕਾਮਯਾਬੀ ਦੇ ਕਾਰਨ ਝੱਟ ਹੀ ਸ਼ੋਹਰਤ ਦੇ ਅਸਮਾਨ ਨੂੰ ਛੋਹ ਲਿਆ ਹੈ ਨੇ ਕਿਹਾ ਹੈ ਕਿ ਉਹ ਅਗਲੇ ਸਾਲ ਫਿਲਮ ਨਿਰਦੇਸ਼ਕ ਮਹਿਮੂਦ ਸਪਰਾ ਨਾਲ 'ਨਿਕਾਹ' ਕਰ ਲਵੇਗੀ। ਉਸ ਨੇ ਕਿਹਾ ਹੈ ਕਿ ਐਕਟਿੰਗ ਅਤੇ ਗਾਉਣ ਨਾਲ ਉਸ਼ਨੂੰ ਪਿਆਰ ਹੈ। ਅਤੇ ਵਿਆਹ ਤੋਂ ਮਗਰੋਂ ਵੀ ਉਹ ਇਹਨਾ ਨੂੰ ਨਹੀਂ ਤਿਆਗੇਗੀ। ਛੇਤੀ ਹੀ ਮਿਸਟਰ ਸਿਪਰਾ ਵੀ ਆਪਣੀ ਜੇਠੀ ਫਿਲਮ ਵਿਚ ਆਰਹੇ ਹਨ।

## ਫਿਰਕੂ ਫਸਾਦਾਂ ਦੇ ਕੇਸ ਸੁਣਨ ਲਈ ਵਿਸ਼ੇਸ਼ ਅਦਾਲਤਾਂ ਹੋਣਗੀਆਂ

ਨਵੀਂ ਦਿੱਲੀ—ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਥੇ ਕਿਹਾ ਕਿ ਫਿਰਕੂ ਫਸਾਦਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਅਤੇ ਫਸਾਦ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ ਮੁਆਵਜ਼ਾ ਦੇਣ ਦੇ ਸੁਝਾਵਾਂ ਉਤੇ ਸਰਕਾਰ ਵਿਚਾਰ ਕਰ ਰਹੀ ਹੈ।

ਆਲ ਇੰਡੀਆ ਉਰਦੂ ਰਾਈਟਰਜ਼ ਐਂਡ ਜਰਨਿਲਿਸਟ ਫੋਰਮ ਵਲੋਂ ਕੌਮੀ ਅਖੰਡਤਾ ਦੇ ਵਿਸ਼ੇ ਉਤੇ ਬੁਲਾਈ ਗਈ ਉਰਦੂ ਕਾਨਫਰੰਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੁਲਸ ਦੇ ਵਿਸ਼ੇਸ਼ ਦਸਤੇ ਕਾਇਮ ਕੀਤੇ ਜਾ ਰਹੇ ਹਨ ਜਿਨਾਂ ਵਿਚ ਵੱਖ ਵੱਖ ਫਿਰਕਿਆਂ ਨੂੰ ਮੁਨਾਸਿਬ ਪ੍ਰਤੀਨਿਧਤਾ ਦਿਤੀ ਜਾਵੇਗੀ।

ਸ਼੍ਰੀਮਤੀ ਗਾਂਧੀ ਨੇ ਅਫਸੋਸ ਪ੍ਰਗਟ ਕੀਤਾ ਕਿ ਫਿਰਕਾਪ੍ਰਸਤੀ ਤੇ ਜਾਤਪਾਤ ਦਾ ਸਿਲਸਿਲਾ ਆਜ਼ਾਦੀ ਤੋਂ ਬਾਦ ਵੀ ਜਾਰੀ ਹੈ। ਉਨ੍ਹਾਂ ਫਿਰਕਾਪ੍ਰਸਤੀ ਤੇ ਜਾਤਪਾਤ ਵਿਚ ਵਾਧੇ ਲਈ ਚੋਣ ਪੌਲੇਟਿਕਸ ਨੂੰ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ ਇਹ ਰੁਝਾਣ ਕੌਮੀ ਏਕਤਾ ਲਈ ਖਤਰਨਾਕ ਹੈ।

## ਗੰਗਾ ਖਤਰੇ ਦਾ ਨਿਸ਼ਾਨ ਟੱਪ ਗਈ

ਪਟਨਾ—ਗੰਗਾ ਦਰਿਆ ਵਿਚ ਹੜ੍ਹਾਂ ਦਾ ਪਾਣੀ ਇਸ ਸਾਲ ਪਹਿਲੀ ਵਾਰੀ ਗਾਂਧੀ ਘਾਟ ਉਤੇ ਖਤਰੇ ਵਾਲੇ ਨਿਸ਼ਾਨ ਤੋਂ 49 ਸੈਂਟੀਮੀਟਰ ਹੋਰ ਚੜ੍ਹ ਗਿਆ ਹੈ।

## ਜਗਜੀਵਨ ਰਾਮ ਨੂੰ ਗੰਢਣ ਲਈ ਕੋਸ਼ਿਸ਼ਾਂ

ਨਵੀਂ ਦਿੱਲੀ—ਕਾਂਗਰਸ(ਜ) ਦੇ ਪ੍ਰਧਾਨ ਸ਼੍ਰੀ ਜਗਜੀਵਨ ਰਾਮ ਦੀ ਕਦਰ ਅੱਜ ਕੱਲ੍ਹ ਇਕ ਦਮ ਵਧ ਗਈ ਹੈ। ਲੋਕ ਦਲ ਤੇ ਭਾਰਤੀ ਜੰਤਾ ਪਾਰਟੀ ਦਾ ਕੌਮੀ ਜਮਹੂਰੀ ਫਰੰਟ ਅਤੇ ਚੰਦਰ ਸ਼ੇਖਰ ਦੀ ਅਗਵਾਈ ਹੇਠਲਾ ਚਾਰ ਪਾਰਟੀਆਂ ਦਾ ਫਰੰਟ ਦੋਨੋਂ ਹੀ ਜਗਜੀਵਨ ਰਾਮ ਨੂੰ ਆਪਣੇ ਵੱਲ ਖਿਚਣ ਦੀ ਕੋਸ਼ਿਸ਼ ਕਰ ਰਹੇ ਹਨ।

ਪਿਛਲੇ ਕੁਝ ਦਿਨਾਂ ਵਿਚ ਸ਼੍ਰੀ ਬਿਜੂ ਪਟਨਾਇਕ ਤੇ ਸ਼੍ਰੀ ਬਹੁਗੁਣਾਂ ਉਨ੍ਹਾਂ ਨੂੰ ਇਸ ਸਬੰਧ ਵਿਚ ਮਿਲੇ। ਸ਼੍ਰੀ ਐਸ. ਐਨ. ਮਿਸ਼ਰਾ ਨੇ ਵੀ ਉਨ੍ਹਾਂ ਨੂੰ ਮਿਲਕੇ ਭਾਰਤੀ ਜਨਤਾ ਪਾਰਟੀ ਬਾਰੇ ਇਤਰਾਜ਼ ਛੱਡ ਕੇ ਦੋ ਪਾਰਟੀ ਮੁਹਾਜ ਵਿਚ ਸ਼ਾਮਲ ਹੋਣ ਲਈ ਜ਼ੋਰ ਪਾਇਆ।


ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !

ਕੁਨੈਲ ਨਿਵਾਸੀਆਂ ਲਈ ਖੁਸ਼ਖਬਰੀ

ਗਿੱਲਜ਼ ਫੂਡ ਮਾਰਟ ਐਂਡ ਵੀਡੀਓ

ਕੁਨੈਲ ਨਿਵਾਸੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਕੁਨੈਲ ਵਿਚ ਨਵਾਂ ਗਰੋਸਰੀ ਸਟੋਰ ਖੁਲ੍ਹ ਗਿਆ ਹੈ ਜਿਥੋਂ ਤੁਹਾਨੂੰ ਭਾਰਤੀ ਗਰੋਸਰੀ ਦੇ ਨਾਲ ਵੀਡੀਓ ਵੀ ਮਿਲ ਸਕਦੀਆਂ ਹਨ

- ਸਟੋਰ ਸੱਤੇ ਦਿਨ ਖੁਲ੍ਹ ਰਿਹਾ ਕਰੇਗਾ
- ਸੋਮਵਾਰ ਤੋਂ ਸ਼ਨਿਚਰਵਾਰ - 10 ਵਜੇ ਸਵੇਰੇ ਤੋਂ 9 ਵਜੇ ਸ਼ਾਮ ਤੱਕ
- ਐਤਵਾਰ ਨੂੰ 11 ਵਜੇ ਤੋਂ 6 ਵਜੇ ਸ਼ਾਮ ਤੱਕ

ਫ਼ੋਨ : 992-2870

Gill's Food Mart & Video

No. 17-155 Malcolm Dr.
West Park Mall
Quesnel, B.C.



Goyal Travels Inc.

4152 Fraser Street, Vancouver, B.C., Canada V5V 4E8
PH: (604) 872-7656 CABLE: GOYALTRAVE
B.C. Toll Free Number 112-800-663-9079
Alberta 1-800-663-9079
Cheapest Fares to India & Pakistan

IATA



THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:

- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

# ਪੰਜਾਬ ਦਰਪਣ

## ਪੰਜਾਬ ਦੀ ਸਥਿਤੀ
### (ਵਿਸ਼ੇਸ਼ ਪ੍ਰਤੀਨਿਧ ਵਲੋਂ)

ਸੰਤ ਭਿੰਡਰਾਂਵਾਲੇ ਨੇ 4 ਸਤੰਬਰ ਨੂੰ "ਸੱਚੇ ਹਿਰਦੇ ਵਾਲੇ ਸਿੱਖਾਂ" ਦੀ ਜੋ ਮੀਟਿੰਗ ਬੁਲਾਈ ਸੀ, ਉਸ ਵਿਚ ਇਹੋ ਜਿਹੇ ਸਰਕਾਰੀ ਅਫਸਰ ਵੀ ਸ਼ਾਮਲ ਹੋਏ ਜੋ ਨੌਕਰੀ ਸਮੇਂ ਨਾਮੀ ਭ੍ਰਿਸ਼ਟਾਚਾਰੀ ਸਨ ਅਤੇ ਸਿੱਖੀ ਰਹੁਰੀਤਾਂ ਤੋਂ ਵੀ ਸੱਖਣੇ ਸਨ। ਪਰ ਸੰਤ ਭਿੰਡਰਾਂਵਾਲੇ ਦੀ ਹਾਜ਼ਰੀ ਭਰਦਿਆਂ ਉਹ ਸੱਚੇ ਸੁਚੇ ਮੰਨ ਲਏ ਗਏ। ਅਕਾਲੀ ਦਲ ਦੇ ਦੋ ਬਾਗੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਸੁਖਜਿੰਦਰ ਸਿੰਘ ਵੀ ਸ਼ਾਮਲ ਹੋਏ। ਇਨ੍ਹਾਂ ਦੋਹਾਂ ਅਕਾਲੀ ਆਗੂਆਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਹੋਰ ਅਕਾਲੀ ਲੀਡਰਸ਼ਿਪ ਨੂੰ ਬਹੁਤ ਕੌੜੀਆਂ ਫਿਕੀਆਂ ਆਖ ਕੇ ਇਲਜ਼ਾਮ ਲਾਇਆ ਕਿ ਅਕਾਲੀ ਲੀਡਰਸ਼ਿਪ ਮੋਰਚੇ ਨੂੰ ਨਰਮ ਕਰ ਰਹੀ ਹੈ ਅਤੇ ਗਲਤ ਰਾਹ ਉਤੇ ਲਿਜਾ ਰਹੀ ਹੈ। ਮੀਟਿੰਗ ਨੇ ਫੈਸਲਾ ਕੀਤਾ ਕਿ ਅਨੰਦਪੁਰ ਸਾਹਿਬ ਦੇ ਮਤੇ ਉਤੇ ਪੂਰੀ ਤਰ੍ਹਾਂ ਅਮਲ ਕਰਾਏ ਬਿਨਾਂ ਕਿਸੇ ਨੂੰ ਮੋਰਚਾ ਵਾਪਸ ਲੈਣ ਦਾ ਹੱਕ ਨਹੀਂ ਹੈ। ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੇ ਮਤੇ ਦਾ ਅਸਲੀ ਮੰਤਵ ਸਿੱਖਾਂ ਦੀ ਜੁਦੀ ਸਖਸ਼ੀਅਤ ਕਾਇਮ ਕਰਨਾ, ਸਿੱਖਾਂ ਲਈ ਵੱਖਰਾ ਜਾਤੀ ਕਾਨੂੰਨ ਬਣਾਉਣਾ ਅਤੇ ਸਿੱਖਾਂ ਨੂੰ ਵੱਖਰੀ ਕੌਮ ਮੰਨਵਾਉਣਾ ਹੈ। ਜੇ ਅਕਾਲੀ ਲੀਡਰਸ਼ਿਪ ਨੇ ਇਸ ਤੋਂ ਘੱਟ ਸਮਝੌਤਾ ਕੀਤਾ ਤਾਂ ਉਨ੍ਹਾਂ ਨੂੰ ਸਿੱਧੇ ਰਾਹ ਉਤੇ ਲਿਆਉਣਾ ਸੰਗਤਾਂ ਦਾ ਕੰਮ ਹੈ। ਸੁਖਜਿੰਦਰ ਸਿੰਘ ਨੇ ਕਿਹਾ ਅਨੰਦਪੁਰ ਦਾ ਮਤਾ ਤਾਂ ਇਕ ਪੜਾਅ ਹੈ। ਅਸਲੀ ਮੰਜ਼ਲ ਇਸ ਤੋਂ ਅੱਗੇ ਹੈ। 5 ਸਤੰਬਰ ਨੂੰ ਅਕਾਲੀ ਦਲ ਦੇ ਜ਼ਿਲਾ ਜਥੇਦਾਰਾਂ ਦੀ ਮੀਟਿੰਗ ਸੰਤ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਉਸ ਵਿਚ ਪਾਸ ਕੀਤੇ ਮਤੇ ਵਿਚ ਕਿਹਾ ਗਿਆ ਕਿ ਸਰਕਾਰ ਕੁਝ ਖਰੀਦੇ ਹੋਏ ਵਿਅਕਤੀਆਂ ਰਾਹੀਂ ਅਕਾਲੀ ਦਲ ਦੀ ਏਕਤਾ ਵਿਚ ਫੁੱਟ ਪਾ ਰਹੀ ਹੈ। ਮੀਟਿੰਗ ਨੇ ਸੰਤ ਲੌਂਗੋਵਾਲ ਨੂੰ ਅਧਿਕਾਰ ਦਿੱਤਾ ਕਿ ਉਹ ਜਗਦੇਵ ਸਿੰਘ ਤਲਵੰਡੀ ਤੋਂ ਪੁੱਛਗਿਛ ਕਰਨ ਕਿ ਉਸਨੇ ਅਕਾਲੀ ਲੀਡਰਸ਼ਿਪ ਉਤੇ ਅਲੋਚਨਾ ਕਿਉਂ ਕੀਤੀ। ਕਈ ਸੱਜਣਾਂ ਨੇ ਤਾਂ ਜਗਦੇਵ ਸਿੰਘ ਤਲਵੰਡੀ ਨੂੰ "ਗਦਾਰ" ਵੀ ਆਖਿਆ।

ਇਸ ਤਰ੍ਹਾਂ ਅਕਾਲੀ ਦਲ ਤੇ ਨਾਨਕ ਨਿਵਾਸੀਆਂ ਵਿਚਕਾਰ ਮੱਤਭੇਦਾਂ ਦਾ ਖੁਲ੍ਹਾ ਮੁਜ਼ਾਹਰਾ ਹੋਇਆ। ਬਾਦ ਵਿਚ ਦੋਹਾਂ ਸੰਤਾਂ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਵਿਚਕਾਰ ਕੋਈ ਕੌੜ ਨਹੀਂ ਹੈ। ਪਰ ਅਸਲ ਗੱਲ ਇਹੋ ਹੈ ਕਿ ਸੰਤ ਭਿੰਡਰਾਂਵਾਲਾ ਆਪਣੇ ਆਕਾਰ ਨੂੰ ਵੱਡਾ ਕਰਕੇ ਅਕਾਲੀ ਦਲ ਨੂੰ ਛੋਟਾ ਕਰਨ ਦੇ ਆਹਰ ਵਿਚ ਹੈ ਤੇ ਇਹ ਗੱਲ ਅਕਾਲੀ ਦਲ ਦੇ ਆਗੂ ਵੀ ਚੰਗੀ ਤਰ੍ਹਾਂ ਜਾਣਦੇ ਹਨ। ਜਾਪਦਾ ਇਸ ਤਰ੍ਹਾਂ ਹੈ ਕਿ ਉਹ ਇਕ ਦੂਜੇ ਨੂੰ ਵਰਤਣ ਦੇ ਯਤਨ ਕਰ ਰਹੇ ਹਨ ਪਰ ਇਹ ਹਾਲਤ ਬਹੁਤੀ ਦੇਰ ਤੱਕ ਜਾਰੀ ਨਹੀਂ ਰਹਿ ਸਕਦੀ। ਜਿਸ ਤਰ੍ਹਾਂ ਸਪਸ਼ਟ ਹੀ ਹੋ ਗਿਆ ਹੈ ਕਿ ਸੰਤ ਭਿੰਡਰਾਂਵਾਲੇ ਨੇ 20 ਸਤੰਬਰ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਾਨਫਰੰਸ ਸੱਦ ਲਈ ਹੈ। ਇਸ ਕਾਨਫਰੰਸ ਦੇ ਮਤਿਆਂ ਤੋਂ ਇਹ ਪਤਾ ਲੱਗੇਗਾ ਕਿ ਸੰਤ ਭਿੰਡਰਾਂਵਾਲਾ ਸਿੱਖ ਨੌਜਵਾਨਾਂ ਨੂੰ ਕਿਸ ਰਾਹ ਤੇ ਤੁਰਨ ਦੀ ਪਰੇਰਨਾ ਦਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪਾਲਸੀ ਦੇ ਮਗਰ ਚਲਣ ਦੀ ਜਾਂ ਹੋਰ ਕੋਈ ਆਪਣੀ ਲਾਈਨ ਦੇਣ ਦੀ। ਅਗਲੇ ਕੁਝ ਦਿਨ ਅਕਾਲੀ ਲੀਡਰਸ਼ਿਪ ਲਈ ਅਹਿਮ ਦਿਨ ਹਨ ਜਦੋਂ ਉਹ ਦੇਖ ਸਕਣਗੇ ਕਿ ਸੰਤ ਭਿੰਡਰਾਂਵਾਲਾ ਸ਼੍ਰੋਮਣੀ ਅਕਾਲੀ ਦਲ ਦੀ ਲਾਈਨ ਮੰਨਦਾ ਹੈ ਜਾਂ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰਾ ਸਮਝ ਕੇ ਆਪਣੀ ਵੱਖਰੀ ਲਾਈਨ ਦੇਂਦਾ ਹੈ।

## ਦਿਨ ਦਿਹਾੜੇ ਬੈਂਕ ਵਿਚ ਡਾਕਾ
### 14,000 ਲੁੱਟ ਕੇ ਫਰਾਰ ਹੁੰਦੇ ਗ੍ਰਿਫਤਾਰ

ਮਲੋਟ— ਮਲੋਟ ਖੇਤਰ ਦੇ ਤਿੰਨ ਨੌਜਵਾਨਾਂ ਵਲੋਂ ਰਾਜਸਥਾਨ ਦੇ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਬਰਾਂਚ ਵਿਚ ਡਾਕਾ ਮਾਰਨ ਦਾ ਸਮਾਚਾਰ ਮਿਲਿਆ ਹੈ ਫਰਾਰ ਹੋ ਰਹੇ ਨੌਜਵਾਨਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਕਿਹਾ ਜਾਂਦਾ ਹੈ ਕਿ ਮੋਟਰ ਸਾਈਕਲ ਤੇ ਸਵਾਰ ਤਿੰਨ ਨੌਜਵਾਨ ਬੈਂਕ ਵਿਚ ਆਏ ਤੇ ਪਸਤੌਲ ਦੀ ਨੋਕ ਤੇ ਬੈਂਕ ਸਟਾਫ ਤੋਂ 14000 ਰੁਪਏ ਲੁੱਟ ਲਏ। ਬੈਂਕ ਮੈਨੇਜਰ ਵਲੋਂ ਪੁਲਸ ਨੂੰ ਸੂਚਨਾ ਦੇਣ ਤੇ ਤੁਰੰਤ ਨਾਕਾਬੰਦੀ ਕਰਕੇ ਸਾਰਿਆਂ ਥਾਣਿਆਂ ਨੂੰ ਚੌਕਸ ਕਰ ਦਿੱਤਾ ਗਿਆ ਅਤੇ ਪੁਲਸ ਨੇ ਇਕ ਡਾਕੂ ਨੂੰ ਕਾਬੂ ਕਰ ਲਿਆ ਅਤੇ ਦੂਜੇ ਇਲਾਕਿਆਂ ਵਿਚੋਂ ਦੂਜੇ ਦੋ ਡਕੈਤ ਵੀ ਫੜੇ ਗਏ ਜਿਨਾਂ ਕੋਲ ਬੈਂਕ ਨਕਦੀ, ਬਾਰਾਂ ਬੋਰ ਦਾ ਦੇਸੀ ਪਸਤੌਲ ਅਤੇ ਕਾਰਤੂਸ ਵੀ ਬਰਾਮਦ ਕਰ ਲਏ ਗਏ।

ਗਰੋਹ ਦਾ ਮੁਖੀਆ ਜੋਗਿੰਦਰ ਸਿੰਘ 28 ਸਾਲਾ ਨੌਜਵਾਨ ਹੈ ਜੋ ਬੀ. ਏ. ਫੇਲ੍ਹ ਹੈ ਅਤੇ ਮੁਕਤਸਰ ਦੇ ਭਲਿਆਣਾ ਪਿੰਡ ਦਾ ਹੈ। ਦੂਜਾ ਮਲੋਟ ਦੇ ਨਜ਼ਦੀਕੀ ਪਿੰਡ ਧਰਾਜਵਾਲਾ ਦਾ ਅਤੇ ਤੀਜਾ ਢੋਲਾ ਕਿੰਚਰ ਦਾ ਰਹਿਣ ਵਾਲਾ ਹੈ।

ਕੁਨੈਲ ਵਿਚ 'ਕੈਨੇਡਾ ਦਰਪਣ' ਤੁਹਾਨੂੰ ਗਿੱਲਜ਼ ਫੂਡ ਮਾਰਟ ਐਂਡ ਵੀਡੀਓ ਅਤੇ ਰਿਵਰਵੀਊ ਗਰੌਸਰੀ ਸਟੋਰ ਤੋਂ ਮਿਲ ਸਕਦਾ ਹੈ

## ਦਰਸ਼ਣ ਲਾਲ ਦੀ ਜਮਾਨਤ

ਸ੍ਰੀ 'ਆਨੰਦ' ਦੇ ਅਰਦਲੀ ਦਰਸ਼ਨ ਲਾਲ ਨੂੰ ਜਮਾਨਤ ਤੇ ਛੱਡ ਦਿਤਾ ਗਿਆ ਹੈ। ਇਹ ਜਮਾਨਤ ਚੰਡੀਗੜ੍ਹ ਦੇ ਜਿਲਾ ਅਤੇ ਸੈਸ਼ਨ ਜੱਜ ਸ੍ਰੀ ਨੈਹਰਾ ਨੇ ਮਨਜ਼ੂਰ ਕੀਤੀ। ਸ਼ਟੀ ਠਾਕਰ ਨੇ ਕਿਹਾ ਕਿ ਦਰਸ਼ਨ ਲਾਲ ਦਾ ਕਸੂਰ ਕੇਵਲ ਇਤਨਾ ਹੈ ਕਿ ਉਸ ਨੇ ਸ੍ਰੀ 'ਆਨੰਦ' ਦੀ ਲਾਸ਼ ਨੂੰ ਝੀਲ ਵਿਚ ਸੁਟਣ ਵਿਚ ਕਾਤਲਾਂ ਦੀ ਮਦਦ ਕੀਤੀ। ਉਸਦੇ ਜੁਰਮ ਨੂੰ ਧਾਰਾ 302 ਆਈ ਪੀ ਸੀ ਅਧੀਨ ਨਹੀਂ ਸਗੋਂ ਧਾਰਾ 201 ਆਈ ਪੀ ਸੀ ਅਧੀਨ ਪੜਚੋਲਿਆ ਜਾਣਾ ਚਾਹੀਦਾ ਹੈ। ਉਸ ਦੀ ਗ੍ਰਿਫਤਾਰੀ ਧਾਰਾ 302 ਹੇਠ ਨਹੀਂ ਹੋਈ ਸੀ।

## ਸਕੂਟਰ ਚੋਰਾਂ ਦਾ ਗਰੋਹ ਕਾਬੂ

ਜਲੰਧਰ—ਐਸ. ਪੀ. ਡੀਟੈਕਟਿਵ ਸ੍ਰੀ ਰਾਜਨ ਗੁਪਤਾ ਦੇ ਹੁਕਮ ਤੇ ਸੀ. ਆਈ. ਏ. ਸਟਾਫ ਜਲੰਧਰ ਨੇ ਡਾਕਟਰ ਅੰਬੇਦਕਰ ਚੌਂਕ ਦੇ ਨੇੜੇ ਨਾਕਾਬੰਦੀ ਕਰਕੇ ਥਾਣਾ ਪਾਲਮਪੁਰ ਦੇ ਪਿੰਡ ਪਤੇੜ ਦੇ ਜੈ ਰਾਮ ਨਾਮੀ ਅਤੇ ਪਿੰਡ ਖੁਰਲਾ ਦੇ ਰਾਜਕੁਮਾਰ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਚੋਰੀ ਦੇ ਇਕ ਦਰਜਨ ਸਕੂਟਰ ਬਰਾਮਦ ਕੀਤੇ ਹਨ ਜਿਨਾਂ ਦਾ ਮੁੱਲ ਡੇਢ ਲੱਖ ਰੁਪਏ ਬਣਦਾ ਹੈ।

ਦਸਿਆ ਜਾਂਦਾ ਹੈ ਕਿ ਇਹ ਸਕੂਟਰ ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਤੋਂ ਚੋਰੀ ਕਰਕੇ ਮਕੈਨਿਕਾਂ ਅਤੇ ਰੰਗ ਕਰਨ ਵਾਲਿਆਂ ਨੂੰ ਦੇ ਦਿੱਤੇ ਜਾਂਦੇ ਸਨ।

## ਲੈਂਟਰ ਡਿੱਗ ਪਿਆ ਜਗਰਾਓਂ ਵਿਚ ਇਕ ਵਿਅਕਤੀ ਹਲਾਕ

ਜਗਰਾਓਂ—ਅਗਵਾੜ ਲੋਪੋ ਦਾ 58 ਸਾਲਾ ਉਮਰ ਦਾ ਇਕ ਵਿਅਕਤੀ ਜੀਤ ਸਿੰਘ ਛੱਤ ਦਾ ਲੈਂਟਰ ਟੁੱਟ ਜਾਣ ਕਾਰਨ ਲੈਂਟਰ ਹੇਠਾਂ ਆ ਕੇ ਦਮ ਤੋੜ ਗਿਆ। ਦਸਿਆ ਗਿਆ ਹੈ ਕਿ ਬਾਰਸ਼ ਨਾਲ ਛੱਤ ਚੋ ਰਹੀ ਸੀ ਉਹ ਉਪਰ ਚੜ੍ਹਿਆ ਤਾਂ ਲੈਂਟਰ ਟੁੱਟ ਗਿਆ ਅਤੇ ਉਹ ਛੱਤ ਹੇਠ ਆ ਕੇ ਪ੍ਰਾਣ ਤਿਆਗ ਗਿਆ।

---

ਸ਼ਾਇਰੀ ਇਕ ਖ਼ੁਮਾਰੀ ਦਾ ਛਿਣ ਹੈ, ਜੋ
ਬਹੁਤ ਮਹਿੰਗਾ ਹੱਥ ਆਉਂਦਾ ਹੈ।

—ਸਲਾਹਾ ਰਾਹੀਨ



# ਖੇਡ ਦਰਪਣ

## ਕਰਿਕਟ — ਭਾਰਤ ਫੇਰ ਜੇਤੂ —

ਭਾਰਤ ਨੇ ਹੈਦਰਾਬਾਦ ਵਿਚ ਪਾਕਿਸਤਾਨ ਨੂੰ 4 ਵਿਕਟਾਂ ਨਾਲ ਪਹਿਲੇ ਇਕ ਦਿਨਾਂ ਇੰਟਰਨੈਸ਼ਨਲ ਕ੍ਰਿਕਟ ਮੈਚ ਵਿਚ ਹਰਾ ਦਿਤਾ। ਮੁਹਿੰਦਰ ਨੂੰ 'ਮੈਨ ਆਫ ਦੀ ਮੈਚ' ਚੁਣਿਆ ਗਿਆ

## ਵਿੰਨੀਪੈੱਗ ਵਿਚ ਹੋਏ ਟੂਰਨਾਮੈਂਟ ਵਿਚ

ਗੁਰਨਾਮ ਸਿੰਘ ਧਾਲੀਵਾਲ ਪ੍ਰਧਾਨ ਕਾਂਸ਼ੀਰਾਮ ਜਨਮ ਸ਼ਤਾਬਦੀ ਕਮੇਟੀ ਇਕ ਜੇਤੂ ਖਿਡਾਰੀ ਨੂੰ ਇਨਾਮ ਦਿੰਦੇ ਹੋਏ



ਰਾਜਿੰਦਰ ਸਿੰਘ ਧਾਲੀਵਾਲ, ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰ ਰਹੇ ਹਨ ਅਤੇ ਨਾਲ ਹਨ ਗੁਰਨਾਮ ਸਿੰਘ ਧਾਲੀਵਾਲ ਅਤੇ ਨਾਲ ਅਜੀਤ ਕੌਰ ਦਿਉਲ ਸਟੇਜ ਸੈਕਟਰੀ।



# ਹਿੰਦ ਕੌਮਾਂਤਰੀ ਹਾਕੀ ਮੈਚ ਹਾਰ ਗਿਆ

ਵਾਂਗੇਰੀ (ਏ. ਪੀ. ਰਾਇਟਰ)—ਨਿਊਜ਼ੀਲੈਂਡ ਦੇ ਮੁੰਡਿਆਂ ਨੇ ਅਜ ਆਪਣੀ ਗਰਾਊਂਡ ਵਿਚ ਹਰ ਲਾਹਾ ਲੈਂਦਿਆਂ ਦੌਰੇ ਤੇ ਗਈ ਭਾਰਤੀ ਟੀਮ ਨਾਲ ਦੋ ਕੌਮਾਂਤਰੀ ਹਾਕੀ ਮੈਚਾਂ ਦੇ ਪਹਿਲੇ ਮੈਚ ਵਿਚ ਭਾਰਤੀ ਹਾਕੀ ਟੀਮ ਨੂੰ 3-0 ਨਾਲ ਹਰਾ ਦਿਤਾ.

ਅੱਧ ਤਕ ਨਿਊਜ਼ੀਲੈਂਡ 2-0 ਨਾਲ ਅਗੇ ਸੀ. ਇਹ ਗਲ ਇਆਨ ਰਿਆਦ, ਗਰੇਂਟ ਮੈਕਲਿਊਡ ਅਤੇ ਪੀਟਰ ਦਾਜੀ ਨੇ ਕੀਤੇ.

ਭਾਰਤੀ ਹਾਕੀ ਟੀਮ ਨੇ ਅਧ ਤੋਂ ਬਾਅਦ ਗੋਲ ਉਤਾਰਨ ਦਾ ਹਰ ਸੰਭਵ ਯਤਨ ਕੀਤਾ ਅਤੇ ਉਸਦੀ ਪੁਜ਼ੀਸ਼ਨ ਭਾਵੇਂ ਹਮਲਾਵਰ ਰਹੀ, ਪਰ ਗੋਲਕੀਪਰ ਗਰਾਈਮੇ ਸਲੀਮੇ ਦੀ ਸ਼ਾਨਦਾਰ ਖੇਡ ਨੇ ਜ਼ਫਰ ਇਕਬਾਲ ਦੀ ਟੀਮ ਦੀ ਇਕ ਨਾ ਚਲਣ ਦਿਤੀ.

ਪਹਿਲਾਂ ਭਾਰਤੀ ਹਾਕੀ ਟੀਮ ਨੇ ਸਾਰੇ ਅੰਤਰੀ ਮੈਚ ਨਿਊਜ਼ੀਲੈਂਡ ਕੋਲੋਂ ਜਿਤੇ ਸਨ.

ਨਿਊਜ਼ੀਲੈਂਡ ਨਾਲ ਦੂਜਾ ਕੌਮਾਂਤਰੀ ਹਾਕੀ ਮੈਚ ਕਲ ਨੂੰ ਹੋਵੇਗਾ.

# ਅਸੀਂ ਨਹੀਂ, ਉਹ ਜ਼ੁਮੇਵਾਰ....!

ਜਲੰਧਰ 7 ਸਤੰਬਰ—(ਨ. ਜ਼.ਸ.)"ਕੇਂਦਰੀ ਖੇਡ ਮੰਤਰਾਲੇ ਤੋਂ ਖੇਡਾਂ ਦੇ ਵਿਕਾਸ ਦੀ ਆਸ ਕਰਨਾ ਫਜ਼ੂਲ ਹੈ. ਇਹ ਤਾਂ ਕਾਗਜ਼ੀ ਸ਼ੇਰ ਹੈ. ਇਸ ਦੇ ਅਧਿਕਾਰੀਆਂ ਨੂੰ ਖੇਡਾਂ ਦਾ ਕੋਈ ਗਿਆਨ ਨਹੀਂ. ਉਹ ਫਾਈਲਾਂ ਉਤੇ ਹੀ ਘੋੜੇ ਦੁੜਾਉਂਦੇ ਹਨ." ਇਹ ਗਲ ਭਾਰਤੀ ਹਾਕੀ ਫੈਡਰੇਸ਼ਨ ਦੇ ਉਪ ਪ੍ਰਧਾਨ ਤੇ ਇੰਕਾ ਐਮ.ਪੀ. ਗੁਲਾਮ-ਇ ਆਜ਼ਮ ਨੇ ਇਕ ਸਥਾਨਕ ਅਖਬਾਰ ਵਿਚ ਛਪੀ ਇੰਟਰਵਿਊ ਵਿਚ ਕਹੀ.

ਉਹਨਾਂ ਕਿਹਾ ਕਿ ਨਵੇਂ ਖੇਡ ਮੰਤਰਾਲੇ ਨੇ ਬੁਨਿਆਦੀ ਢਾਂਚੇ ਵਿਚ ਸੁਧਾਰ ਲਈ ਅਜੇ ਤਕ ਕੁਝ ਨਹੀਂ ਕੀਤਾ; ਇਸ ਦੇ ਅਧਿਕਾਰੀਆਂ ਨੂੰ ਖੇਡਾਂ ਨੂੰ ਉਚਿਆਂ ਚੁਕਣ ਲਈ ਸੋਚਣ ਦੀ ਫੁਰਸਤ ਹੀ ਨਹੀਂ ਮਿਲਦੀ.

ਉਹਨਾਂ ਖੇਡ ਮੰਤਰਾਲੇ ਦੀ ਥਾਂ ਖੁਦਮੁਖਤਾਰ ਖੇਡ ਕਾਰਪੋਰੇਸ਼ਨ ਬਣਾਉਣ ਦਾ ਸੁਝਾਅ ਦਿਤਾ ਹੈ.

ਕੌਮਾਂਤਰੀ ਹਾਕੀ ਮੁਕਾਬਲਿਆਂ ਵਿਚ ਹੁੰਦੀ ਦੁਰਗਤ ਦੀ ਜ਼ੁਮੇਵਾਰੀ ਭਾਰਤੀ ਹਾਕੀ ਫੈਡਰੇਸ਼ਨ ਸਿਰੋਂ ਟਾਲਣ ਦੇ ਯਤਨ ਵਿਚ ਉਪ ਪ੍ਰਧਾਨ ਨੇ ਦਲੀਲ ਦਿਤੀ ਕਿ ਭਾਰਤੀ ਟੀਮ ਦਾ ਖੇਡ ਪਧਰ ਨਾ ਡਿਗਿਆ ਹੈ ਤੇ ਨਾ ਹੀ ਇਸ ਵਿਚ ਕੋਈ ਵਰਨਣਯੋਗ ਕਮਜ਼ੋਰੀ ਹੈ. 'ਅਸਲ ਗਲ' ਇਹ ਹੈ ਕਿ ਕੌਮਾਂਤਰੀ ਮੈਚਾਂ ਵਿਚ ਜਿਤ ਹਾਰ ਵਿਚ ਛਲਕਪਟ ਤੇ ਤਿਕੜਮਬਾਜ਼ੀ ਦਾ ਅਹਿਮ ਰੋਲ ਹੋ ਗਿਆ ਹੈ. ਪਾਕਿਸਤਾਨ ਟੀਮ ਦੇ ਨਾਲ ਮੇਜਰ ਆਤਿਫ ਤੇ ਉਹਨਾਂ ਦੇ ਚਾਰ-ਪੰਜ ਹੋਰ ਸਾਥੀ ਜਾਂਦੇ ਹਨ ਤੇ ਰੈਫਰੀਆਂ ਨੂੰ ਫਸਾ ਲੈਂਦੇ ਹਨ.

ਇਸ ਸੁਆਲ ਦੇ ਜੁਆਬ ਕਿ ਹਿੰਦ ਦੇ ਅਧਿਕਾਰੀ ਇਸ ਵਿਰੁਧ ਅਵਾਜ਼ ਕਿਉਂ ਨਹੀਂ ਉਠਾਉਂਦੇ, ਉਹਨਾਂ ਕਿਹਾ ਕੁਆਲਾਲੰਪੁਰ ਗਈ ਟੀਮ ਨਾਲ ਅਜਿਹਾ ਕੋਈ ਅਧਿਕਾਰੀ ਨਹੀਂ ਸੀ, ਜਿਹੜਾ ਅਵਾਜ਼ ਉਠਾਉਣ ਦਾ ਸਟੇਟਸ ਰਖਦਾ ਹੋਵੇ. ਟੀਮ ਤੁਰਨ ਦੇ 24 ਘੰਟੇ ਰਹਿ ਗਏ ਸੀ ਕਿ ਮੈਨੇਜਰ ਨਹੀਂ ਸੀ ਚੁਣਿਆ ਗਿਆ!

ਉਹਨਾਂ ਕਿਹਾ ਕਿ ਖੇਡ ਮੰਤਰਾਲੇ ਵਿਚ ਹਾਕੀ ਨਾਲ ਸੰਬੰਧਤ ਅਧਿਕਾਰੀ ਹਾਕੀ ਦੇ ਦੁਸ਼ਮਣ ਹਨ. ਇਹ ਆਪਣੀ ਅਫਸਰੀ ਹੀ ਝਾੜਦੇ ਰਹਿੰਦੇ ਹਨ ਹੋਰ ਕੁਝ ਇਹਨਾਂ ਨੂੰ ਆਉਂਦਾ ਨਹੀਂ.

ਉਹਨਾਂ ਇਹ ਦਲੀਲ ਵੀ ਦਿੱਤੀ ਕਿ ਫੈਡਰੇਸ਼ਨ ਨੂੰ ਹਾਰਾਂ ਲਈ ਜ਼ੁਮੇਵਾਰ ਇਸ ਕਰਕੇ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਇਸ ਦਾ ਕੰਮ ਕੇਵਲ ਟੀਮ ਚੁਣਨਾ ਤੇ ਕੌਮਾਂਤਰੀ ਟੂਰਨਾਮੈਂਟਾਂ ਵਿਚ ਭੇਜਣ ਤੋਂ ਪਹਿਲਾਂ ਉਸਦਾ ਕੈਂਪ ਲਾਉਣਾ ਹੈ.

ਉਹਨਾਂ ਕਿਹਾ ਕਿ ਹੇਠਲੀ ਪੱਧਰ 'ਤੇ ਹਾਕੀ ਲਈ ਕੁਝ ਨਹੀਂ ਕੀਤਾ ਜਾ ਰਿਹਾ. ਫੈਡਰੇਸ਼ਨ ਰਾਤੋ ਰਾਤ ਟੀਮ ਦੀ ਤਾਕਤ ਕਿਵੇਂ ਅਸਧਾਰਨ ਪੱਧਰ 'ਤੇ ਪੁਚਾ ਸਕਦੀ ਹੈ?


# ਇੰਡੀਆ ਕਲਾਥ ਹਾਊਸ

ਕੱਪੜੇ ਦੀ
ਸਪੈਸ਼ਲ ਸੇਲ
ਤੋਂ ਲਾਭ ਉਠਾਓ

ਨਵੀਂ ਸ਼ਿਪਮੈਂਟ ਪਹੁੰਚ ਚੁੱਕੀ ਹੈ
ਬਹੁਤ ਹੀ ਸਸਤੇ ਭਾਅ ਤੇ
ਤਰ੍ਹਾਂ ਤਰ੍ਹਾਂ ਦੇ ਡੀਜ਼ਾਇਨਾਂ ਵਿੱਚ

ਅੱਜ ਹੀ ਆਓ



ਸਟੋਰ ਵਿੱਚ ਪਈ ਹਰ ਚੀਜ਼ ਤੇ ਸਪੈਸ਼ਲ
ਸਪੈਸ਼ਲ ਸੇਲ

321-7866

INDIA CLOTH HOUSE

6565 Main Street Vancouver, B.C.

# ਫ਼ਿਲਮ ਦਰਪਣ

## 'ਕਭੀ ਕ੍ਰਿਕਟਰ ਥੇ' -ਸੰਦੀਪ ਪਾਟਿਲ



'ਖ਼ੁਦਦਾਰ' ਵਿਚ ਅਮਿਤਾਭ ਬੱਚਨ । ਨਿਰਮਾਤਾ ਹਨ ਅਨਵਰ ਅਲੀ ਤੇ ਐਫ. ਕੇ. ਰਤਸੋ ਅਤੇ ਨਿਰਦੇਸ਼ਕ ਹਨ ਰਵੀ ਟੰਡਨ



ਕ੍ਰਿਕਟ ਦਾ ਮੰਨਿਆ ਪ੍ਰਮੰਨਿਆ ਖਿਡਾਰੀ ਸੰਦੀਪ ਪਾਟਿਲ ਵੀ. ਕੇ. ਸਿੰਘ ਦੀ ਫਿਲਮ 'ਕਭੀ ਅਜਨਬੀ ਥੇ' ਵਿਚ ਪੂਨਮ ਢਿਲੋਂ ਨਾਲ ਹੀਰੋ ਵਜੋਂ ਸਾਈਨ ਕਰ ਲਿਆ ਗਿਆ ਹੈ। ਫਿਲਮ ਦੀ ਸ਼ੂਟਿੰਗ ਸ਼ੁਰੂ ਹੈ। ਸੰਦੀਪ ਪਾਟਿਲ ਵਾਂਗ ਹੋਰ ਵੀ ਕਈ ਖਿਡਾਰੀ ਫਿਲਮਾਂ ਵਿਚ ਆ ਚੁਕੇ ਹਨ।

ਜਿਹਨਾਂ ਵਿਚੋਂ ਦਾਰਾ ਸਿੰਘ, ਪ੍ਰਿਥਵੀ ਰਾਜ, ਪ੍ਰਾਣ ਆਦਿ ਵਰਗੇ ਕਈ ਤਾਂ ਸੁਪਰ ਸਟਾਰ ਬਣ ਗਏ ਤੇ ਕਈ ਮੂਧੇ ਮੂੰਹ ਡਿਗੇ। ਪਰ ਸੰਦੀਪ ਪਾਟਿਲ ਜਿਹੜਾ ਕਿ ਕ੍ਰਿਕਟ ਦੇ ਨਾਲ ਨਾਲ ਫਿਲਮਾਂ ਵੀ ਕਰਨੀਆ ਚਾਹੁੰਦਾ ਹੈ, ਦਾ ਖਿਆਲ ਹੈ ਕਿ ਉਹ ਕ੍ਰਿਕਟ ਵਾਂਗ ਫਿਲਮਾਂ ਵਿਚ ਵੀ ਆਪਣਾ ਨਾਂ ਬਣਾ ਲਏਗਾ। ਇਥੇ ਪੇਸ਼ ਹੈ ਉਸ ਨਾਲ ਕੀਤੀ ਇਕ ਤਾਜ਼ੀ ਮੁਲਾਕਾਤ—

**? ਤੁਹਾਨੂੰ ਨਿਰਦੇਸ਼ਕ ਵੀ. ਕੇ. ਸਿੰਘ ਨੇ ਆਪਣੀ ਫਿਲਮ ਲਈ ਸਾਈਨ ਕਿਵੇਂ ਕੀਤਾ ?**

—ਇਕ ਦਿਨ ਸਾਡੀ ਟੀਮ ਦੇ ਮੈਨੇਜਰ ਰਾਜ ਸਿੰਘ ਡੂੰਗਰਪੁਰ ਨੇ ਮੈਨੂੰ ਕਿਹਾ ਕਿ ਉਨ੍ਹਾਂ ਦਾ ਇਕ ਦੋਸਤ ਮੈਨੂੰ ਮਿਲਣ ਆਵੇਗਾ। ਉਹਨਾਂ ਦਾ ਇਹ ਦੋਸਤ ਹੋਰ ਕੋਈ ਨਹੀਂ, ਸਗੋਂ ਵੀ. ਕੇ. ਸਿੰਘ ਹੀ ਸੀ। ਦੂਜੇ ਦਿਨ ਵੀ. ਕੇ ਸਿੰਘ ਨੇ ਮੈਨੂੰ ਫਿਲਮ ਵਿਚ ਕੰਮ ਕਰਨ ਦੀ ਖਾਹਿਸ਼ ਬਾਰੇ ਪੁਛਿਆ ਤਾਂ ਮੈਂ ਹਾਂ ਕਰ ਦਿਤੀ।

**? ਕੋਈ ਸਕਰੀਨ ਟੈਸਟ ਵਗੈਰਾ ਨਹੀਂ ਹੋਇਆ ?**

—ਨਹੀਂ।

**? ਫਿਰ ਤੁਸੀਂ ਪਹਿਲੇ ਸ਼ਾਟ ਵੇਲੇ ਘਬਰਾਏ ਨਹੀਂ ?**

—ਬਿਲਕੁਲ ਨਹੀਂ, ਜਦ ਮੈਂ ਆਪਣੇ ਪਹਿਲੇ ਟੈਸਟ ਮੈਚ ਵੇਲੇ ਨਹੀਂ ਘਬਰਾਇਆ ਸੀ ਫਿਰ ਪਹਿਲੇ ਸ਼ਾਟ ਸਮੇਂ ਕਿਉਂ ਘਬਰਾਉਂਦਾ।

**? ਤੁਸੀਂ ਉਦੋਂ ਵੀ ਨਹੀਂ ਸੀ ਘਬਰਾਏ ?**

—ਬਿਲਕੁਲ ਨਹੀਂ। ਸਗੋਂ ਮੈਂ ਤਾਂ ਰਣਜੀ ਟਰਾਫੀ ਮੈਚ ਵਿਚ 200 ਦੌੜਾਂ ਬਣਾਈਆਂ ਸਨ ਤੇ ਇਸ ਤਰ੍ਹਾਂ ਮੇਰਾ ਆਤਮ-ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਤੇ ਜਿਥੋਂ ਤਕ ਐਕਟਿੰਗ ਦਾ ਸਬੰਧ ਹੈ, ਇਸ ਯੂਨਿਟ ਨੇ ਮੈਨੂੰ ਕਦੀ ਨਵਾਂ ਚਿਹਰਾ ਹੋਣ ਬਾਰ ਮਹਿਸੂਸ ਹੀ ਨਹੀਂ ਕਰਾਇਆ।

ਯੂਨਿਟ ਵਾਲੇ ਮੇਰੇ ਨਾਲ ਇਸ ਤਰ੍ਹਾਂ ਹਾਸਾ ਮਜ਼ਾਕ ਕਰਦੇ ਹਨ ਜਿਵੇਂ ਕਿ ਉਹ ਮੇਰੇ ਕਲਾਸ-ਫੈਲੋ ਹੋਣ।

**? ਤੁਸੀਂ ਸ਼ਿਫਟ ਅਤੇ ਰੈਸਟ ਦੀ ਤਰਤੀਬ ਕਿਸ ਤਰ੍ਹਾਂ ਕਰ ਰਹੇ ਹੋ ?**

—ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ ਕ੍ਰਿਕਟਰ ਸਮੇਂ ਸਾਰਾ ਦਿਨ ਤਪਦੇ ਸੂਰਜ ਹੇਠ ਆਨੰਦ ਮਾਨਣਾ ਅਤੇ ਹੁਣ ਲਾਈਟਾਂ ਦੀ ਰੋਸ਼ਨੀ ਵਿਚ ਸਾਰੀ ਰਾਤ ਸ਼ੂਟਿੰਗ ਕਰਦੇ ਰਹਿਣਾ।

**? ਕ੍ਰਿਕਟਰਾਂ ਦੀ ਗੱਲ ਲੈਂਦਿਆਂ ਇਕ ਗੱਲ ਯਾਦ ਆ ਗਈ ਉਹ ਇਹ ਕਿ ਜਦੋਂ ਤੁਸੀਂ ਫਿਲਮਾਂ ਵਿਚ ਪ੍ਰਵੇਸ਼ ਹੋ ਗਏ ਤਾਂ ਤੁਹਾਡੇ ਸਾਥੀ ਖਿਡਾਰੀਆਂ ਦੀ ਕੀ ਪ੍ਰਤੀਕ੍ਰਿਆ ਸੀ ?**

—ਉਹਨਾਂ ਪਾਕਿਸਤਾਨ ਟਰਿਪ ਸਮੇਂ ਮੇਰੀਆਂ ਲੱਤਾਂ ਵਧੇਰੀਆਂ ਪਿਛਾਂਹ ਨੂੰ ਖਿਚੀਆਂ ? ਗਾਵਸਕਰ ਤਾਂ ਬਹੁਤ ਹੀ ਗੁਸੇ ਵਿਚ ਆ ਗਿਆ। ਕਪਿਲ ਦੇਵ ਨੇ ਸ਼ਤਰੂਘਨ ਸਿਨਹਾ ਵਰਗਾ ਮੂੰਹ ਬਣਾਉਂਦਿਆਂ ਕਿਹਾ—'ਦੇਖੋ ਇਮਪਾਇਰ ਨੂੰ ਸੰਦੀਪ ਕਿਵੇਂ ਡਰਾ-ਧਮਕਾ ਰਿਹਾ ਹੈ।'

**? ਕੀ ਤੁਸੀਂ ਬਹੁਤ ਸਾਰੀਆਂ ਹਿੰਦੀ ਫਿਲਮਾਂ ਦੇਖੀਆਂ ਹਨ ?**

—ਨਹੀਂ, ਬਿਲਕੁਲ ਨਹੀਂ। ਮੇਰੇ ਪ੍ਰੀਵਾਰ ਦਾ ਕੋਈ ਵੀ ਮੈਂਬਰ ਫਿਲਮਾਂ ਦੇਖਣੀਆਂ ਪਸੰਦ ਨਹੀਂ ਕਰਦਾ।

**? ਜਦੋਂ ਤੁਸੀਂ ਫਿਲਮ ਸਾਈਨ ਕਰ ਲਈ, ਫਿਰ ਤੁਹਾਡੇ ਪ੍ਰੀਵਾਰ ਦੀ ਕੀ ਪ੍ਰਤੀਕ੍ਰਿਆ ਸੀ ?**

—ਮੇਰੇ ਮਾਤਾ ਪਿਤਾ ਨੇ ਹਮੇਸ਼ਾ ਮੈਨੂੰ ਅਗੇ ਵਧਣ ਲਈ ਕਿਹਾ ਹੈ। ਜਦੋਂ ਮੈਂ ਫਿਲਮ ਕੀਤੀ ਤਾਂ ਉਹਨਾਂ ਏਨਾ ਹੀ ਕਿਹਾ ਕਿ ਮੈਂ ਇਹ ਤਜਰਬਾ ਵੀ ਕਰਕੇ ਵੇਖ ਲਵਾਂ।

**? ਫਿਰ ਤੁਹਾਡਾ ਮਤਲਬ ਹੈ ਕਿ ਹੁਣ ਤੁਸੀਂ ਫਿਲਮ ਵਿਚ ਆਉਣ ਦਾ ਕੇਵਲ ਤਜਰਬਾ ਹੀ ਕਰ ਰਹੇ ਹੋ ?**

—ਬਿਲਕੁਲ ਠੀਕ। ਪਰ ਇਸ ਤੋਂ ਇਲਾਵਾ ਹੋਰ ਵੀ ਗੱਲ ਹੈ। ਮੈਂ ਕਿਸੇ ਨਵੀਂ ਚੀਜ਼ ਵਲ ਵਧਣ ਵੇਲੇ ਅੰਨ੍ਹੀ ਦੌੜ ਲਾ ਦਿੰਦਾ ਹਾਂ। ਜਦੋਂ ਮੈਂ ਕੋਈ ਕੰਮ ਕਰਨ ਸਮੇਂ ਇਕ ਵਾਰੀ ਫੈਸਲਾ ਕਰ ਲਵਾਂ, ਫਿਰ ਦੂਜੀ ਵਾਰ ਨਹੀਂ ਸੋਚਦਾ। ਇਸੇ ਕਰਕੇ ਮੈਂ ਅੱਜ ਤਕ ਖੇਡਿੰਗ ਵਿਚ ਮੁਸੀਬਤ ਭੋਗ ਰਿਹਾ ਹਾਂ।

**? ਤੁਸੀਂ ਫਿਲਮਾਂ ਵਿਚ ਦੌੜ ਆਏ ਹੋ, ਕਿਤੇ ਇਸਦਾ ਮਤਲਬ ਵੀ......?**

—ਨਹੀਂ, ਨਹੀਂ, ਮੇਰਾ ਫਿਲਮਾਂ ਵਿਚ ਆਉਣ ਦਾ ਇਹ ਮਕਸਦ ਨਹੀਂ। ਮੈਨੂੰ ਜਦੋਂ ਵੀ ਕੋਈ ਕਿਸੇ ਨਵੇਂ ਕੰਮ ਨੂੰ ਕਰਨ ਲਈ ਕਹਿੰਦਾ ਹੈ ਤਾਂ ਮੈਂ ਹਾਂ ਕਹਿ ਦਿੰਦਾ ਹਾਂ। ਪਿਛੇ ਜਿਹੇ ਮੇਰੇ ਇਕ ਦੋਸਤ ਨੇ ਮੈਨੂੰ ਆਪਣੇ ਨਾਲ ਬਿਜਨੈਸ ਵਿਚ ਲੈਣਾ ਚਾਹਿਆ ਤਾਂ ਮੈਂ ਹਾਂ ਕਰ ਦਿਤੀ ਸੀ।

**? ਜਦੋਂ ਤੁਸੀਂ ਕੁੜੀਆਂ ਵਿਚ ਘਿਰ ਜਾਂਦੇ ਹੋ ਤਾਂ ਕੀ ਮਹਿਸੂਸ ਕਰਦੇ ਹੋ ?**

—ਬਹੁਤ ਮਜ਼ਾ ਆਉਂਦਾ ਹੈ। ਮੈਂ ਕੁੜੀਆਂ ਦੀ ਭੀੜ ਵਿਚ ਅਕਸਰ ਹਲਕਾ-ਫੁਲਕਾ ਮਹਿਸੂਸ ਕਰਦਾ ਹਾਂ।

**? ਫਿਲਮੀ ਮੈਗਜ਼ੀਨਾਂ ਵਿਚ ਰੁਮਾਂਸ ਬਾਰੇ ਉਡਦੀਆਂ ਅਫਵਾਹਾਂ ਤੋਂ ਤੁਸੀਂ ਕੀ ਅਨੁਭਵ ਕਰਦੇ ਹੋ ?**

—ਮੈਨੂੰ ਗੱਪਸ਼ਪ ਨਾਲ ਮੁਹੱਬਤ ਹੈ। ਸਾਰੇ ਕ੍ਰਿਕਟਰਜ਼ ਫਿਲਮੀ ਮੈਗਜ਼ੀਨ ਪਸੰਦ ਕਰਦੇ ਹਨ। ਜਦੋਂ ਅਸੀਂ ਕਿਤੇ ਦਾਣੇ ਦਾ ਦਾਣਾ ਹੀ ਟੈਸਟ ਲੜੀ ਲਈ ਜਾ ਰਿਹਾ ਹੁੰਦਾ ਸੀ ਤਾਂ ਮੈਗਜ਼ੀਨ ਵਿਚ ਅਫਵਾਹਾਂ ਪੜ੍ਹਕੇ ਬਹੁਤ ਮਜ਼ਾ ਆਉਂਦਾ ਸੀ ਜਿਵੇਂ ਕਿ ਅੱਜ ਰੇਖਾ ਅਮਿਤਾਭ ਨਾਲ ਤੇ ਕਲ੍ਹ ਰੇਖਾ ਕਿਸੇ ਹੋਰ......।

**? ਕੀ ਤੁਸੀਂ ਆਪਣੀ ਹੀਰੋਇਨ ਪੂਨਮ ਨਾਲ ਕੋਈ ਰੁਮਾਂਟਿਕ ਸ਼ਾਟ ਦਿਤਾ ਹੈ ?**

—ਹਾਲੇ ਨਹੀਂ, ਪਰ ਮੈਂ ਉਸ ਨਾਲ ਰੁਮਾਂਟਿਕ ਕਈ ਫੋਟੋਆਂ ਜ਼ਰੂਰ ਖਿਚਵਾਈਆ ਹਨ। ਪੂਨਮ ਢਿਲੋਂ ਬਹੁਤ ਮਿਲਣ ਸਾਰ ਅਭਿਨੇਤਰੀ ਹੈ। ਮੈਨੂੰ ਲਗਦਾ ਹੈ ਸ਼ੂਟਿੰਗ ਕਰਨ ਸਮੇਂ ਉਹ ਮੈਨੂੰ ਸਹਿਯੋਗ ਦੇਵੇਗੀ। ਫਿਰ ਵੀ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਹੋਰ ਚੰਗੀ ਤਰ੍ਹਾਂ ਘੋਖਾਂਗਾ।

**? ਕੀ ਤੁਸੀਂ ਜਾਣਦੇ ਹੋ ਕਿ ਫਿਲਮਾਂ ਵਿਚ ਦਾੜ੍ਹੀ ਨਾਲ ਪ੍ਰਵੇਸ਼ ਕਰਨ ਵਾਲੇ ਤੁਸੀਂ ਪਹਿਲੇ ਵਿਅਕਤੀ ਹੋ ?**

—ਉਹ ਇਹ ਠੀਕ ਹੈ, ਨਹੀਂ ਨਹੀਂ—ਸੰਜੇ ਖਾਂ ਵੀ ਦਾੜ੍ਹੀ ਰਖਦਾ ਹੈ। ■

**2 ਅਕਤੂਬਰ ਦਾ ਦਿਨ ਫਿਲਮੀ ਪ੍ਰੇਮੀਆਂ ਲਈ ਅਤੇ ਅਮੀਤਾਭ ਬਚਨ ਦੇ ਪ੍ਰਸ਼ੰਸਕਾਂ ਲਈ ਚਾਵਾਂ ਭਰਿਆ ਦਿਨ ਹੋਵੇਗਾ। ਆਪਣੀਆਂ ਟਿਕਟਾਂ ਦਾ ਹੁਣੇ ਪ੍ਰਬੰਧ ਕਰ ਲਵੋ।**

## ਪਾਹਲ ਬ੍ਰਦਰਜ਼ ਦੀ 'ਰੂਪ ਸ਼ੁਕੀਨਣ ਦਾ'



ਯਸ਼ ਸ਼ਰਮਾ, ਸੁਧਾ ਚੋਪੜਾ, ਰਜਨੀ ਬਾਲਾ (ਫੋਟੋ : ਸਤਨਾਮ ਪਾਹਲ ਤੋਂ ਧੰਨਵਾਦ ਸਹਿਤ)

ਪੰਜਾਬ ਵਿੱਚ ਰਲੀਜ਼ ਹੋ ਗਈ -

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**

**PLUMBING & ELECTRICAL SUPPLY**



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS

# AMITABH BACHCHAN

## THEY'RE COMING TOO

H.D. Datta Enterprises

HD



Along With Popular Singers
**Manhar, Anwar, Alka Yagnik Sadhna Sargam and Your Favorite Film Stars of India**



Disco Melody Queen
**NAZIA HASSAN**

Singing Sensation of U.K.
**ZOHEB HASSAN**



Gorgeous
**RATI AGNIHOTRI**

- AND -

## KALYANJI-ANANDJI



**Listen to the super star Amitabh Bachchan — actor, singer, showman *par excellence* sing and entertain you at Pacific Coliseum.**

**Amitabh is a phenomenon. In the Indian Film world, he, no doubt, occupies the top position. It's a once in a lifetime opportunity to see him performing live on the stage. It should not be missed!**

*Editor Promod Puri in **The Link**, Vancouver, Canada.*

*"That man walks on stage and dominates it with a charismatic magic of Elvis Presley or the Beatles."*
— Cine Blitz

*"Amitabh Bachchan, India's Superstar, his cult following verges on the incredible."*
— Readers Digest

*"Amitabh Bachchan, today's premier superstar."*
— Sunday Times

*"Amitabh's towering personality captivates the audience . . . his singing and dancing thrills the young and the old alike. It's a fantastic experience!"*
— The Overseas Times

*"Amitabh takes Houston by storm. I have never seen so much excitement in the Indian community here."*
— India West



**Tickets: ~~$7~~, ~~$12~~, $15, ~~$20~~, ~~$25~~, ~~$30~~, $50** SOLD OUT *Available at the following locations:*

*VANCOUVER*
**PARADISE MUSIC CENTRE**
PH: 321-4064
**FRIENDLY TRAVELS**
PH: 324-4480
**WALIA GROCERY**
PH: 321-7262
**A & G INSURANCE**
PH: 875-6288
**MAIN FOOD CENTRE**
PH: 324-4185
**ASHOKA TRADING**
PH: 324-7521
**INDIA SARI PALACE**
PH: 324-2565
**GOYAL VIDEO KING**
PH: 873-8309
**ROXY VIDEO**
PH: 321-8661
**MANN MUSIC & VIDEOS**
PH: 321-6667
**TASLEEM VIDEO**
PH: 873-2132

*SURREY-DELTA*
**PARAMOUNT VIDEO**
PH: 584-5668

*ABBOTSFORD*
**BHAGAT ENT**
PH: 853-4312
**AMAR FOODS**
PH: 853-6458

*PORT COQUITLAM*
**RELIANT AUTO SALES**
PH: 464-3725

To Order Tickets By Mail, Send Your Money Order/Cheque to

**H.D. Datta Enterprises Ltd.**
525 Lyn-court
Coquitlam, B.C. V3J 5N3
Ph.(604)931-8476